ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum** (ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਵੀਰਵਾਰ, 29 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੧੬ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਭਿਆਨਕ ਜਹਾਜ਼ ਹਾਦਸੇ ’ਚ

# ਮਹਾਰਾਸ਼ਟਰ ਦੇ ਡਿਪਟੀ ਮੁੱਖ ਮੰਤਰੀ ਅਜੀਤ ਪਵਾਰ ਸਣੇ 5 ਦੀ ਮੌਤ



**ਮੁੰਬਈ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਜੀਤ ਪਵਾਰ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਇੱਕ ਪ੍ਰਮੁੱਖ ਆਗੂ ਸਨ। ਉਹ ਮਹਾਰਾਸ਼ਟਰ ਸਰਕਾਰ ਵਿੱਚ ਕਈ ਵਾਰ ਉਪ ਮੁੱਖ ਮੰਤਰੀ ਵਜੋਂ ਸੇਵਾ ਨਿਭਾ ਚੁੱਕੇ ਹਨ ਅਤੇ ਵਿੱਤ, ਖੇਤੀਬਾੜੀ ਅਤੇ ਸਿੰਚਾਈ ਵਰਗੇ ਮਹੱਤਵਪੂਰਨ ਮੰਤਰਾਲੇ ਸੰਭਾਲ ਚੁੱਕੇ ਹਨ। ਖੇਤੀਬਾੜੀ, ਸਿੰਚਾਈ, ਜਲ ਸਰੋਤ ਅਤੇ ਵਿੱਤ ਰਾਜ ਮੰਤਰੀ ਹੋਣ ਦੇ ਨਾਤੇ, ਅਜੀਤ ਪਵਾਰ ਨੇ ਕਾਫ਼ੀ ਪ੍ਰਸ਼ੰਸਾ ਪ੍ਰਾਪਤ ਕੀਤੀ। ਹਾਲ ਹੀ ਦੇ ਸਾਲਾਂ ਵਿੱਚ ਉਹ ਆਪਣੇ ਸਮਰਥਕ ਵਿਧਾਇਕਾਂ ਦੇ ਨਾਲ ਸੱਤਾਧਾਰੀ ਗਠਜੋੜ ਵਿੱਚ ਸ਼ਾਮਲ ਹੋਏ ਅਤੇ ਮੁੜ ਉਪ ਮੁੱਖ ਮੰਤਰੀ ਬਣੇ। ਇਸ ਤੋਂ ਪਹਿਲਾਂ, ਅਜੀਤ ਪਵਾਰ ਪੁਣੇ ਜ਼ਿਲ੍ਹਾ ਕੇਂਦਰੀ ਬੈਂਕ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਉਂਦੇ ਸਨ।



**ਮਹਾਰਾਸ਼ਟਰ ’ਚ 3 ਦਿਨਾਂ ਸੋਗ ਐਲਾਨ :** ਫੜਨਵੀਸ ਨੇ ਮਹਾਰਾਸ਼ਟਰ ’ਚ ਇਕ ਦਿਨ ਦੀ ਸਰਕਾਰੀ ਛੁੱਟੀ ਅਤੇ ਤਿੰਨ ਦਿਨਾਂ ਦੇ ਰਾਜ ਵਿਆਪੀ ਸੋਗ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਮੁੰਬਈ ’ਚ ਇਕ ਪ੍ਰੈਸ ਕਾਨਫਰੰਸ ਦੌਰਾਨ ਇਸ ਨੂੰ ਸੂਬੇ ਲਈ ਇਕ “ਨਾ ਪੂਰਾ ਹੋਣ ਵਾਲਾ ਘਾਟਾ” ਦੱਸਿਆ। ਉਨ੍ਹਾਂ ਅਜੀਤ ਪਵਾਰ ਨੂੰ ਇਕ ਬਹੁਤ ਹੀ ਮਿਹਨਤੀ ਆਗੂ ਵਜੋਂ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਮਹਾਰਾਸ਼ਟਰ ਦੇ ਵਿਕਾਸ ’ਚ ਅਹਿਮ ਯੋਗਦਾਨ ਪਾਇਆ ਹੈ। ਫੜਨਵੀਸ ਨੇ ਇਸ ਘਟਨਾ ਨੂੰ ਆਪਣਾ ਨਿੱਜੀ ਘਾਟਾ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਆਪਣਾ ਇਕ ਨਜ਼ਦੀਕੀ ਦੋਸਤ ਗੁਆ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਇਸ ਹਾਦਸੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅਜੀਤ ਪਵਾਰ ਦੀ ਮ੍ਰਿਤਕ ਦੇਹ ਨੂੰ ਬਾਰਾਮਤੀ ਦੇ ਹਸਪਤਾਲ ਵਿੱਚ ਲਿਆਂਦਾ ਗਿਆ ਹੈ, ਜਿੱਥੇ ਉਨ੍ਹਾਂ ਦੇ ਸਮਰਥਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ ਹੈ। ਉਨ੍ਹਾਂ ਦੀ ਪਤਨੀ ਸੁਨੇਤਰਾ ਪਵਾਰ, ਪੁੱਤਰ ਪਾਰਥ ਪਵਾਰ, ਚਚੇਰੀ ਭੈਣ ਸੁਪ੍ਰਿਆ ਸੁਲੇ ਅਤੇ ਐਨਸੀਪੀ ਦੇ ਕਾਰਜਕਾਰੀ ਪ੍ਰਧਾਨ ਪ੍ਰਫੁੱਲ ਪਟੇਲ ਨਵੀਂ ਦਿੱਲੀ ਤੋਂ ਬਾਰਾਮਤੀ ਲਈ ਰਵਾਨਾ ਹੋ ਗਏ ਹਨ।

Exclusive News

## ਜੰਮੂ-ਕਸ਼ਮੀਰ ’ਚ ਕੁਦਰਤ ਦਾ ਕਹਿਰ ! ਭਾਰੀ ਬਰਫ਼ਬਾਰੀ ਮਗਰੋਂ ਲੈਂਡਸਲਾਈਡ, ਦਰਜਨਾਂ ਬੇਜ਼ੁਬਾਨਾਂ ਦੀ ਮੌਤ

**ਸ੍ਰੀਨਗਰ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਬੁੱਧਵਾਰ ਨੂੰ ਭਿਆਨਕ ਲੈਂਡਸਲਾਈਡ ਕਾਰਨ ਭੇਡਾਂ ਅਤੇ ਬੱਕਰੀਆਂ ਸਮੇਤ ਦਰਜਨਾਂ ਪਾਲਤੂ ਜਾਨਵਰਾਂ ਦੀ ਮੌਤ ਹੋ ਗਈ ਹੈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਇਲਾਕੇ ਵਿੱਚ ਖਰਾਬ ਮੌਸਮ ਕਾਰਨ ਪਹਾੜੀ ਦਾ ਹਿੱਸਾ ਹੇਠਾਂ ਆ ਡਿੱਗਿਆ। ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ, ਇਹ ਹਾਦਸਾ ਹਸਤੀ ਪੁਲ ਦੇ ਨੇੜੇ ਵਾਪਰਿਆ। ਉਸ ਸਮੇਂ ਚਰਵਾਹਿਆਂ ਦਾ ਇੱਕ ਸਮੂਹ ਆਪਣੇ ਪਸ਼ੂਆਂ ਦੇ ਵੱਗ ਨਾਲ ਇਸ ਖੇਤਰ ਵਿੱਚੋਂ ਗੁਜ਼ਰ ਰਿਹਾ ਸੀ। ਭੂ-ਖਿਸਕਣ ਇੰਨਾ ਅਚਾਨਕ ਸੀ ਕਿ ਕਈ ਜਾਨਵਰ ਮਲਬੇ ਹੇਠ ਦਬ ਗਏ, ਜਦਕਿ ਉਨ੍ਹਾਂ ਦੇ ਨਾਲ ਜਾ ਰਹੇ ਚਰਵਾਹੇ ਵਾਲ-ਵਾਲ ਬਚ ਗਏ। ਜ਼ਿਕਰਯੋਗ ਹੈ ਕਿ ਪਿਛਲੇ ਦੋ ਦਿਨਾਂ ਤੋਂ ਜੰਮੂ-ਕਸ਼ਮੀਰ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮੌਸਮ ਖਰਾਬ ਚੱਲ ਰਿਹਾ ਹੈ। ਉਚਾਈ ਵਾਲੇ ਇਲਾਕਿਆਂ ਵਿੱਚ ਤਾਜ਼ਾ ਬਰਫ਼ਬਾਰੀ ਅਤੇ ਮੈਦਾਨੀ ਇਲਾਕਿਆਂ ਵਿੱਚ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਧ ਗਈਆਂ ਹਨ, ਜਿਸ ਕਾਰਨ ਇਹ ਮੰਦਭਾਗਾ ਹਾਦਸਾ ਵਾਪਰਿਆ। ਪ੍ਰਸ਼ਾਸਨ ਵੱਲੋਂ ਮੌਕੇ ’ਤੇ ਬਚਾਅ ਮੁਹਿੰਮ ਚਲਾਈ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮਾਰੇ ਗਏ ਪਸ਼ੂਆਂ ਦੀ ਸਹੀ ਸੰਖਿਆ ਬਚਾਅ ਕਾਰਜ ਮੁਕੰਮਲ ਹੋਣ ਤੋਂ ਬਾਅਦ ਹੀ ਸਪੱਸ਼ਟ ਹੋ ਸਕੇਗੀ।

## ਜੈਪੁਰ ਏਅਰਪੋਰਟ ’ਤੇ ਏਅਰ ਇੰਡੀਆ ਫਲਾਈਟ ਹੋਈ ਡਾਵਾਂਡੋਲ, ਸੁਖਜਿੰਦਰ ਸਿੰਘ ਰੰਧਾਵਾ ਸਮੇਤ ਵਾਲ-ਵਾਲ ਬਚੇ ਸੈਂਕੜੇ ਯਾਤਰੀ



ਜੈਪੁਰ, 28 ਜਨਵਰੀ (ਆਵਾਜ਼ਿ ਕੌਮ ਬਿਊਰੋ) - ਅੱਜ ਸਵੇਰੇ ਦਿੱਲੀ ਤੋਂ ਜੈਪੁਰ ਆ ਰਹੀ ਏਅਰ ਇੰਡੀਆ ਦੀ ਫਲਾਈਟ ਏ 91719 ਨੇ ਜੈਪੁਰ ਏਅਰਪੋਰਟ ‘ਤੇ ਪਹਿਲੀ ਲੈਂਡਿੰਗ ਦੌਰਾਨ ਅਸਥਿਰ ਐਪ੍ਰੋਚ ਕਾਰਨ ਗੋ-ਅਰਾਉਂਡ ਪ੍ਰਕਿਰਿਆ ਅਪਣਾਈ। ਪਾਇਲਟ ਨੇ ਸੁਰੱਖਿਆ ਨੂੰ ਪਹਿਲ ਦਿੰਦੇ ਹੋਏ ਫਲਾਈਟ ਨੂੰ ਮੁੜ ਹਵਾ ਵਿੱਚ ਚੱਕਰ ਲਗਾਉਣ ਲਈ ਭੇਜਿਆ ਅਤੇ ਤਕਰੀਬਨ 10 ਮਿੰਟ ਬਾਅਦ ਦੂਜੀ ਕੋਸ਼ਿਸ਼ ਵਿੱਚ ਸੁਰੱਖਿਅਤ ਤਰੀਕੇ ਨਾਲ ਲੈਂਡਿੰਗ ਕੀਤੀ। ਫਲਾਈਟ ‘ਤੇ ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਸਵਾਰ ਸਨ। ਏਅਰ ਇੰਡੀਆ ਦੇ ਪ੍ਰਬੰਧਕ ਨੇ ਬਿਆਨ ਜਾਰੀ ਕਰਕੇ ਪਾਇਲਟ ਦੀ ਫਲਾਈਟ ਮੈਨੇਜਮੈਂਟ ਸਮਰੱਥਾ ਅਤੇ ਤੁਰੰਤ ਗੋ-ਅਰਾਉਂਡ ਫੈਸਲੇ ਦੀ ਸਰਾਹਨਾ ਕੀਤੀ, ਜਿਸ ਨੇ ਸਾਰੇ ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣਾਈ। ਸਾਰੇ ਯਾਤਰੀ ਅਤੇ ਕਰੂ ਮੈਂਬਰ ਬਿਲਕੁਲ ਸੁਰੱਖਿਅਤ ਹਨ ਅਤੇ ਕਿਸੇ ਨੂੰ ਵੀ ਕੋਈ ਸੱਟ ਨਹੀਂ ਲੱਗੀ। ਫਲਾਈਟ ‘ਤੇ ਮੌਜੂਦ ਯਾਤਰੀਆਂ ਨੇ ਦੱਸਿਆ ਕਿ ਪਹਿਲੀ ਕੋਸ਼ਿਸ਼ ਦੌਰਾਨ ਥੋੜ੍ਹਾ ਡਰ ਲੱਗਾ ਪਰ ਪਾਇਲਟ ਅਤੇ ਕਰੂ ਨੇ ਸਥਿਤੀ ਨੂੰ ਸੰਭਾਲ ਲਿਆ ਅਤੇ ਸਭ ਕੁਝ ਸ਼ਾਂਤੀ ਨਾਲ ਸਮਾਪਤ ਹੋ ਗਿਆ। ਸੁਖਜਿੰਦਰ ਸਿੰਘ ਰੰਧਾਵਾ ਨੇ ਮੀਡੀਆ ਨੂੰ ਕਿਹਾ, “ਸਾਰੇ ਯਾਤਰੀ ਸੁਰੱਖਿਅਤ ਹਨ। ਹਵਾਈ ਜਹਾਜ਼ ਦੀ ਸੁਰੱਖਿਆ ਪ੍ਰਣਾਲੀ ਅਤੇ ਪਾਇਲਟ ਦੀ ਮਹਾਨ ਸਾਵਧਾਨੀ ਲਈ ਧੰਨਵਾਦ। ਇਹ ਘਟਨਾ ਦਰਸਾਉਂਦੀ ਹੈ ਕਿ ਤਜਰਬੇਕਾਰ ਪਾਇਲਟ ਅਜਿਹੀਆਂ ਸਥਿਤੀਆਂ ਵਿੱਚ ਵੀ ਸੁਰੱਖਿਆ ਨੂੰ ਪਹਿਲ ਦਿੰਦੇ ਹਨ।” ਇਸ ਘਟਨਾ ਨੇ ਇੱਕ ਵਾਰ ਫਿਰ ਹਵਾਈ ਯਾਤਰਾ ਵਿੱਚ ਸੁਰੱਖਿਆ ਪ੍ਰੋਟੋਕਾਲਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਏਅਰਪੋਰਟ ਅਥਾਰਟੀ ਅਤੇ ਏਅਰ ਇੰਡੀਆ ਵੱਲੋਂ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤਾਂ ਜੋ ਅਜਿਹੀਆਂ ਸਥਿਤੀਆਂ ਦੇ ਕਾਰਨਾਂ ਨੂੰ ਸਮਝਿਆ ਜਾ ਸਕੇ।

## ਚੰਡੀਗੜ੍ਹ ’ਚ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਮੱਚੀ ਹੜਕੰਪ, ਕਈ ਸਕੂਲ ਕਰਵਾਏ ਖਾਲੀ

**ਚੰਡੀਗੜ੍ਹ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੀ ਖ਼ਬਰ ਸਾਹਮਣੇ ਆਈ ਹੈ। ਸੂਤਰਾਂ ਅਨੁਸਾਰ ਧਮਕੀ ਕਈ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਨੂੰ ਭੇਜੀ ਗਈ ਹੈ, ਜਿਸ ਤੋਂ ਬਾਅਦ ਸਕੂਲ ਪ੍ਰਬੰਧਕਾਂ ਅਤੇ ਬੱਚਿਆਂ ਵਿੱਚ ਦਹਿਸ਼ਤ ਪਾਈ ਜਾ ਰਹੀ ਹੈ। ਹਾਲਾਂਕਿ, ਪੁਲਿਸ ਨੇ ਕਾਰਵਾਈ ਕਰਦੇ ਹੋਏ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸਾਰੇ ਸਕੂਲਾਂ ਨੂੰ ਖਾਲੀ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ, ਜਿਨ੍ਹਾਂ ਸਕੂਲਾਂ ਨੂੰ ਧਮਕੀਆਂ ਮਿਲੀਆਂ ਹਨ, ਉਨ੍ਹਾਂ ਵਿੱਚ ਸੈਕਟਰ 25 ਵਿੱਚ ਚਿਤਕਾਰਾ ਇੰਟਰਨੈਸ਼ਨਲ ਸਕੂਲ, ਕੇਵੀਡੀਵੀ ਸਕੂਲ, ਰਿਆਨ ਇੰਟਰ ਨੈਸ਼ਨਲ ਸਕੂਲ, ਸੈਕਟਰ 16 ਵਿੱਚ ਮਾਡਲ ਸਕੂਲ, ਸੈਕਟਰ 45 ਵਿੱਚ ਸੇਂਟ ਸਟੀਫਨ ਸਕੂਲ, ਸੈਕਟਰ 35 ਵਿੱਚ ਮਾਡਲ ਸਕੂਲ ਅਤੇ ਸੈਕਟਰ 19 ਵਿੱਚ ਮਾਡਲ ਸਕੂਲ ਸ਼ਾਮਲ ਹਨ। ਪੁਲਿਸ ਵੱਲੋਂ ਜਾਂਚ ਕੀਤੇ ਜਾਣ ਦੇ ਨਾਲ ਹੀ ਸਕੂਲ ਪ੍ਰਬੰਧਕਾਂ ਤੇ ਬੱਚਿਆਂ ਸਮੇਤ ਮਾਪਿਆਂ ਨੂੰ ਨਾ ਘਬਰਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਚੰਡੀਗੜ੍ਹ ਪੁਲਿਸ ਦੇ ਸੀਨੀਅਰ ਅਧਿਕਾਰੀ, ਬੰਬ ਸਕੁਐਡ ਅਤੇ ਹੋਰ ਸੁਰੱਖਿਆ ਏਜੰਸੀਆਂ ਮੌਕੇ ’ਤੇ ਪਹੁੰਚੇ ਹੋਏ ਹਨ ਅਤੇ ਸਕੂਲਾਂ ’ਚ ਪੂਰੀ ਤਲਾਸ਼ੀ ਲਈ ਜਾ ਰਹੀ ਹੈ। ਹੁਣ ਤੱਕ ਕਿਸੇ ਵੀ ਸਕੂਲ ਤੋਂ ਕੋਈ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ। ਇਸ ਦੇ ਨਾਲ ਹੀ ਤਕਨੀਕੀ ਟੀਮਾਂ ਵੱਲੋਂ ਈਮੇਲ ਭੇਜਣ ਵਾਲੇ ਦੀ ਪਛਾਣ ਕਰਨ ਅਤੇ ਧਮਕੀ ਦੀ ਸੱਚਾਈ ਦੀ ਪੁਸ਼ਟੀ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ।

## ਸਰਪੰਚ ਤੇ ਪ੍ਰਸਿੱਧ ਵਕੀਲ ਮਨਪਿੰਦਰ ਸਿੰਘ ਨੇ ਨਿਗਲਿਆ ਜ਼ਹਿਰ; ਹੋਈ ਮੌਤ

**ਲੁਧਿਆਣਾ :** ਪੰਜਾਬ ਦੇ ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਅਧੀਨ ਪੈਂਦੇ ਥਾਣਾ ਜੋਧਾਂ ਦੇ ਪਿੰਡ ਵਿੱਚ ਇੱਕ ਦਰਦਨਾਕ ਘਟਨਾ ਨੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜੋਧਾਂ ਪੁਲਿਸ ਸਟੇਸ਼ਨ ਅਧੀਨ ਆਉਂਦੇ ਪਿੰਡ ਰਤਨ ਦੇ ਸਰਪੰਚ ਅਤੇ ਪ੍ਰਸਿੱਧ ਵਕੀਲ ਮਨਪਿੰਦਰ ਸਿੰਘ ਨੇ ਆਪਣੇ ਘਰ ਦੇ ਚੁਬਾਰੇ ਵਿੱਚ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਇਸ ਘਟਨਾ ਨੇ ਨਾ ਸਿਰਫ਼ ਪਿੰਡ ਵਾਸੀਆਂ ਨੂੰ ਸੋਗ ਵਿੱਚ ਡੁੱਬ ਦਿੱਤਾ ਹੈ ਬਲਕਿ ਵਕੀਲ ਭਾਈਚਾਰੇ ਵਿੱਚ ਵੀ ਡੂੰਘੀ ਉਦਾਸੀ ਫੈਲਾ ਦਿੱਤੀ ਹੈ। ਮਨਪਿੰਦਰ ਸਿੰਘ, ਜੋ ਪਿੰਡ ਰਤਨ ਦੇ ਸਰਪੰਚ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਵੀ ਵਕਾਲਤ ਦੇ ਖੇਤਰ ਵਿੱਚ ਮਸ਼ਹੂਰ ਸਨ, ਕਾਫ਼ੀ ਸਮੇਂ ਤੋਂ ਗੰਭੀਰ ਮਾਨਸਿਕ ਤਣਾਅ ਨਾਲ ਜੂਝ ਰਹੇ ਸਨ। ਸੂਤਰਾਂ ਅਨੁਸਾਰ, ਉਨ੍ਹਾਂ ਦਾ ਪਰਿਵਾਰ ਨਾਲ ਕਈ ਸਾਲਾਂ ਤੋਂ ਚੱਲ ਰਿਹਾ ਅਣਬਣ ਇਸ ਤਣਾਅ ਦਾ ਮੁੱਖ ਕਾਰਨ ਸੀ। ਘਰ ਵਿੱਚ ਰੋਜ਼ਾਨਾ ਹੋਣ ਵਾਲੇ ਝਗੜੇ ਅਤੇ ਵਿਵਾਦਾਂ ਨੇ ਉਨ੍ਹਾਂ ਨੂੰ ਬੇਹੱਦ ਪ੍ਰੇਸ਼ਾਨ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਨੇ ਇਹ ਅਫ਼ਸੋਸਨਾਕ ਕਦਮ ਚੁੱਕਿਆ। ਕੱਲ੍ਹ ਰਾਤ ਨੂੰ ਉਨ੍ਹਾਂ ਨੇ ਕਿਸੇ ਕੱਪੜੇ ਨਾਲ ਗਲ ਫਾਹਾ ਲਿਆ ਜਿਸ ਨੇ ਉਨ੍ਹਾਂ ਦੀ ਜਾਨ ਲੈ ਲਈ।

## ਮੁੱਖ ਮੰਤਰੀ ਮਾਨ ਦੀ ਵੀਡੀਓ ਮਾਮਲੇ ’ਚ ਵੱਡੀ ਕਾਰਵਾਈ, ਸਕੱਤਰੇਤ ਨੇ 3 ਫੋਰੈਂਸਿਕ ਲੈਬਾਂ ਨੂੰ ਭੇਜੀ ਵੀਡੀਓ



**ਅੰਮ੍ਰਿਤਸਰ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ’ਤੇ ਸਕੱਤਰੇਤ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਕੀਤੀ ਗਈ ਸ਼ਿਕਾਇਤ ’ਚ ਦਿੱਤੀ ਗਈ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਲਈ 3 ਲੈਬਾਂ ਨੂੰ ਭੇਜਿਆ ਗਿਆ ਹੈ, ਜਿਸ ਦੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਇਸ ਦਰਮਿਆਨ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਲੈਬ ਦੱਸਣ ਬਾਰੇ ਸਕੱਤਰੇਤ ਵੱਲੋਂ ਉਨ੍ਹਾਂ ਦੇ ਦਫ਼ਤਰ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਇਹ ਵੀ ਪਤਾ ਲੱਗਾ ਹੈ ਕਿ ਇਸ ਸਬੰਧੀ ਮੁੱਖ ਮੰਤਰੀ ਦੇ ਨਾਮ 2 ਲੈਬ ਦੱਸਣ ਬਾਰੇ ਜਥੇਦਾਰ ਦੇ ਹੁਕਮ ’ਤੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵੱਲੋਂ ਪੱਤਰ ਲਿਖਿਆ ਗਿਆ, ਜਿਸ ਨੂੰ ਭੇਜਣ ਦੀਆਂ ਤਿਆਰੀਆਂ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਵੀਡੀਓ ਅਤੇ ਹੋਰ ਕਈ ਸ਼ਿਕਾਇਤਾਂ ਦੇ ਮਾਮਲੇ ’ਚ 15 ਜਨਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਦਾਰ ਦੇ ਆਦੇਸ਼ ’ਤੇ ਸਕੱਤਰੇਤ ਵਿਖੇ ਪਹੁੰਚ ਕੇ ਆਪਣਾ ਪੱਖ ਰੱਖਿਆ ਸੀ ਅਤੇ ਇਸ ਵੀਡੀਓ ਨੂੰ ਵੀ ਨਕਲੀ ਏ. ਆਈ. ਦੀ ਟੈਕਨਾਲੋਜੀ ਰਾਹੀਂ ਬਣਾਉਣ ਸਬੰਧੀ ਜਥੇਦਾਰ ਨੂੰ ਕਿਹਾ ਸੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਮਾਨ ਨੂੰ ਇਸ ਵੀਡੀਓ ਦਾ ਸਹੀ ਸੱਚ ਸੰਗਤਾਂ ਅੱਗੇ ਲਿਆਉਣ ਲਈ ਇਸ ਦੀ ਫੋਰੈਂਸਿਕ ਜਾਂਚ ਲਈ 2 ਲੈਬਾਂ ਸੁਝਾਉਣ ਲਈ ਵੀ ਕਿਹਾ ਸੀ। ਇਸ ਦਰਮਿਆਨ ਸ਼ਿਕਾਇਤ ਕਰਨ ਵਾਲੇ ਵਿਅਕਤੀ ਵੱਲੋਂ ਸਕੱਤਰੇਤ ਨੂੰ ਵਿਦੇਸ਼ ਦੀ ਫੋਰੈਂਸਿਕ ਜਾਂਚ ਦੀ ਜੋ ਰਿਪੋਰਟ ਭੇਜੀ ਗਈ ਹੈ, ਉਸ ਦੀ ਪੁਸ਼ਟੀ ਲਈ ਵੀ ਸਕੱਤਰੇਤ ਵੱਲੋਂ ਸਬੰਧਤ ਲੈਬ ਨੂੰ ਇਕ ਪੱਤਰ ਲਿਖ ਕੇ ਇਸ ਦੀ ਅਧਿਕਾਰਤ ਜਾਣਕਾਰੀ ਮੰਗਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ।

## ਪੰਜਾਬ ਦੇ ਸਾਬਕਾ ਮੰਤਰੀ ਤੇ ਕਾਂਗਰਸੀ ਆਗੂ ਦੀ ਰਿਹਾਇਸ਼ ’ਤੇ 54 ਦੀ ਰੇਡ

**ਹੁਸ਼ਿਆਰਪੁਰ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਸੁੰਦਰ ਸ਼ਾਮ ਅਰੋੜਾ ਦੀਆਂ ਇਕ ਵਾਰ ਫਿਰ ਮੁਸ਼ਕਿਲਾਂ ਵਧੀਆਂ ਹਨ। ਅੱਜ ਸਵੇਰੇ ਹੁਸ਼ਿਆਰਪੁਰ ਵਿਖੇ ਸੁੰਦਰ ਸ਼ਾਮ ਅਰੋੜਾ ਦੀ ਰਿਹਾਇਸ਼ ’ਤੇ ਈ. ਡੀ. ਅਤੇ ਇਨਕਮ ਟੈਕਸ ਵਿਭਾਗ ਵੱਲੋਂ ਛਾਪੇਮਾਰੀ ਕੀਤੀ ਗਈ। ਜਾਣਕਾਰੀ ਮੁਤਾਬਕ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਰਿਹਾਇਸ਼ ’ਤੇ ਦਬਿਸ਼ ਦੇ ਕੇ ਦਸਤਾਵੇਜ਼ਾਂ ਅਤੇ ਜ਼ਰੂਰੀ ਸਬੂਤਾਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਸੁੰਦਰ ਸ਼ਾਮ ਅਰੋੜਾ ਵਿਰੁੱਧ ਜਾਂਚ ਬਾਰੇ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਪਰ ਵਿਭਾਗ ਦੇ ਅਧਿਕਾਰੀ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਜਾਣਕਾਰੀ ਮੁਤਾਬਕ ਅੱਜ ਸਵੇਰੇ ਈ. ਡੀ. ਦੇ ਅਧਿਕਾਰੀ ਭਾਰੀ ਸੁਰੱਖਿਆ ਬਲਾਂ ਦੇ ਨਾਲ ਸੁੰਦਰ ਸ਼ਾਮ ਅਰੋੜਾ ਦੇ ਘਰ ਪਹੁੰਚੇ। ਅਚਾਨਕ ਹੋਈ ਇਸ ਕਾਰਵਾਈ ਨਾਲ ਇਲਾਕੇ ਵਿਚ ਹੜਕੰਪ ਮਚ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਟੀਮ ਦੇ ਨਾਲ ਆਏ ਅਧਿਕਾਰੀਆਂ ਨੇ ਘਰ ਦੇ ਸਾਰੇ ਪ੍ਰਵੇਸ਼ ਦੁਆਰਾਂ ਨੂੰ ਬੰਦ ਕਰ ਦਿੱਤਾ ਹੈ ਅਤੇ ਕਿਸੇ ਨੂੰ ਵੀ ਅੰਦਰ ਜਾਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੈ। ਮੋਬਾਇਲ ਫੋਨ ਅਤੇ ਹੋਰ ਇਲੈਕਟ੍ਰਾਨਿਕ ਯੰਤਰ ਵੀ ਜ਼ਬਤ ਕਰ ਲਏ ਗਏ ਹਨ ਅਤੇ ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ’ਚ ’ਵਜ਼ੂ’ ਕਰਨ ਵਾਲਾ ਨੌਜਵਾਨ 3 ਦਿਨ ਦੇ ਰਿਮਾਂਡ ’ਤੇ, ਪੁਲਿਸ ਨੇ ਗੁਪਤ ਢੰਗ ਨਾਲ ਕੀਤਾ ਸੀ ਅਦਾਲਤ ’ਚ ਪੇਸ਼



**ਅੰਮ੍ਰਿਤਸਰ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਹਰਿਮੰਦਰ ਸਾਹਿਬ ’ਚ ’ਵਜ਼ੂ’ ਕਰਨ ਵਾਲੇ ਨੌਜਵਾਨ ਨੂੰ ਅਦਾਲਤ ਨੇ 3 ਦਿਨ ਦੇ ਰਿਮਾਂਡ ’ਤੇ ਭੇਜ ਦਿੱਤਾ ਹੈ। ਅੰਮ੍ਰਿਤਸਰ ਪੁਲਿਸ ਨੇ ਨੌਜਵਾਨ ਨੂੰ ਅੱਜ ਸਖਤ ਸੁਰੱਖਿਆ ਪ੍ਰਬੰਧਕਾਂ ਹੇਠ ਗੁਪਤ ਢੰਗ ਨਾਲ ਜ਼ਿਲ੍ਹਾ ਅਦਾਲਤ ’ਚ ਪੇਸ਼ ਕੀਤਾ ਸੀ, ਜਿਥੇ ਅਦਾਲਤ ਨੇ ਮੁਲਜ਼ਮ ਨੂੰ 3 ਦਿਨ ਦੇ ਰਿਮਾਂਡ ’ਤੇ ਭੇਜ ਦਿੱਤਾ ਹੈ। ਜਾਣਕਾਰੀ ਅਨੁਸਾਰ ਪੁਲਿਸ ਮੁਲਜ਼ਮ ਨੂੰ ਮੂੰਹ ਢੱਕ ਕੇ ਅਦਾਲਤ ਵਿੱਚ ਲੈ ਕੇ ਪਹੁੰਚੀ ਸੀ, ਜਿਸ ਬਾਰੇ ਕਿਸੇ ਨੂੰ ਵੀ ਜਾਣਕਾਰੀ ਨਹੀਂ ਦਿੱਤੀ ਗਈ ਸੀ। ਬੀਤੇ ਦਿਨ ਪੰਜਾਬ ਪੁਲਿਸ, ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ’ਚ ਵਜ਼ੂ ਕਰਨ ਵਾਲੇ ਆਰੋਪੀ ਸੁਭਾਨ ਰੰਗਰੀਜ਼ ਨੂੰ ਅੰਮ੍ਰਿਤਸਰ ਲੈ ਆਈ ਸੀ, ਜਿਸ ਤੋਂ ਬਾਅਦ ਉਸਨੂੰ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਗਿਆ ਸੀ। ਦੱਸ ਦਈਏ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ ਦੇ ਆਧਾਰ ’ਤੇ ਅੰਮ੍ਰਿਤਸਰ ਪੁਲਿਸ ਨੇ ਉਸ ਵਿਰੁੱਧ ਬੇਅਦਬੀ ਦਾ ਮਾਮਲਾ ਦਰਜ ਕੀਤਾ ਸੀ।

**ਕੀ ਸੀ ਪੂਰਾ ਮਾਮਲਾ ?**

ਜਾਣਕਾਰੀ ਅਨੁਸਾਰ, ਦਿੱਲੀ ਦਾ ਇੱਕ ਨੌਜਵਾਨ ਸੁਭਹਾਨ ਰੰਗਰੀਜ਼ 13 ਜਨਵਰੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਇਆ ਸੀ। ਉਸ ਨੇ ਇਸ ਦੌਰਾਨ ਆਪਣੀ ਇੱਕ ਰੀਲ ਵੀ ਬਣਾਈ ਸੀ, ਜਿਸ ‘ਚ ਉਹ ਸਰੋਵਰ ‘ਚ ਵਜ਼ੂ ਕਰਦਾ ਦਿਖਾਈ ਦਿੱਤਾ ਸੀ। ਗਾਜ਼ੀਆਬਾਦ ਪੁਲਿਸ ਨੇ 24 ਜਨਵਰੀ ਨੂੰ ਨੌਜਵਾਨ ਨੂੰ ਹਿਰਾਸਤ ’ਚ ਲਿਆ ਸੀ।

ਦੱਸ ਦੇਈਏ ਕਿ ਇਸ ਮਾਮਲੇ ‘ਚ ਵੀਡੀਓ ਬਣਾਉਣ ਵਾਲਾ ਨੌਜਵਾਨ ਸੁਭਾਨ ਰੰਗਰੀਜ਼ ਦੋ ਵਾਰ ਮੁਆਫ਼ੀ ਮੰਗ ਚੁੱਕਿਆ ਹੈ। ਉਸ ਨੇ ਇਹ ਤਰਕ ਦਿੱਤਾ ਹੈ ਕਿ ਉਸ ਨੂੰ ਮਰਿਯਾਦਾ ਦਾ ਪਤਾ ਨਹੀਂ ਸੀ। ਉਸ ਨੂੰ ਦੂਸਰੀ ਵਾਰ ਇਸ ਲਈ ਮੁਆਫ਼ੀ ਮੰਗਣੀ ਪਈ, ਕਿਉਂਕਿ ਪਹਿਲੀ ਵੀਡੀਓ ਚ ਉਹ ਜੇਬਾਂ ਚ ਹੱਥ ਪਾ ਕੇ ਖੜ੍ਹਾ ਸੀ। ਇਸ ਕਾਰਨ ਸਿੱਖ ਸ਼ਰਧਾਲੂਆਂ ਨੂੰ ਉਸ ਦਾ ਮੁਆਫ਼ੀ ਮੰਗਣ ਦਾ ਤਰੀਕਾ ਪਸੰਦ ਨਹੀਂ ਆਇਆ ਸੀ। ਇਸ ਕਾਰਨ ਨੌਜਵਾਨ ਨੇ ਦੁਬਾਰਾ ਇੱਕ ਹੋਰ ਵੀਡੀਓ ਪੋਸਟ ਕਰਕੇ ਦੁਬਾਰਾ ਵੀ ਮਾਫੀ ਮੰਗੀ ਸੀ।

### ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰੰਗ ਰੋਗਨ ਅਤੇ ਗਲਿਆਰਿਆਂ ਦਾ ਕੰਮ ਜ਼ੋਰਾਂ ’ਤੇ

# ਹੋਲਾ ਮਹੱਲਾ ਨੂੰ ਲੈ ਕੇ ਜੰਗੀ ਪੱਧਰ ’ਤੇ ਤਿਆਰੀਆਂ ਹੋਈਆਂ ਸ਼ੁਰੂ

**ਕੀਰਤਪੁਰ ਸਾਹਿਬ ਵਿਖੇ 27 ਫਰਵਰੀ ਤੋਂ 01 ਮਾਰਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ 02 ਮਾਰਚ ਤੋਂ 04 ਮਾਰਚ ਤੱਕ ਮਨਾਇਆ ਜਾਵੇਗਾ ਹੋਲਾ ਮਹੱਲਾ**





**ਸ੍ਰੀ ਅਨੰਦਪੁਰ ਸਾਹਿਬ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਅਤੇ ਸਿੱਖਾਂ ਦਾ 6 ਰੋਜ਼ਾ ਕੌਮੀ ਤਿਉਹਾਰ ਹੋਲਾ ਮਹੱਲਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 27 ਫਰਵਰੀ ਤੋਂ 04 ਮਾਰਚ ਤੱਕ ਪੂਰੇ ਖਾਲਸਾਈ ਜਾਹੋ ਜਲਾਲ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਨੂੰ ਲੈ ਕੇ ਲੈ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਮਲਕੀਤ ਸਿੰਘ, ਅਡੀਸ਼ਨਲ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ ਵੱਖ ਪੰਥਕ ਜਥੇਬੰਦੀਆਂ ਅਤੇ ਕਾਰ ਸੇਵਾ ਵਾਲੇ ਸੰਤ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਇਸ ਸਾਲ ਹੋਲਾ ਮਹੱਲਾ ਕੀਰਤਪੁਰ ਸਾਹਿਬ ਵਿਖੇ 27 ਫਰਵਰੀ ਤੋਂ 01 ਮਾਰਚ ਤੱਕ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ 02 ਮਾਰਚ ਤੋਂ 04 ਮਾਰਚ ਤੱਕ ਮਨਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ 26 ਫਰਵਰੀ ਦੀ ਰਾਤ ਨੂੰ ਕਿਲਾ ਅਨੰਦਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਖੇ ਪੰਥਕ ਰਵਾਇਤਾਂ ਅਨੁਸਾਰ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਅਤੇ ਪੰਜ ਨਗਾਰਿਆਂ ਦੀ ਗੂੰਜ ਨਾਲ ਹੋਲੇ ਮਹੱਲੇ ਦੀ ਆਰੰਭਤਾ ਹੋਵੇਗੀ। 27 ਫਰਵਰੀ ਨੂੰ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਹੋਲੇ ਮਹੱਲੇ ਦੇ ਪਹਿਲੇ ਪੜਾਅ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨਾਂ ਦੇ ਭੋਗ 01 ਮਾਰਚ ਨੂੰ ਪਾਏ ਜਾਣਗੇ। 02 ਮਾਰਚ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲੇ ਮਹੱਲੇ ਤੇ ਦੂਜੇ ਪੜਾਅ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਨਾਂ ਦੇ ਭੋਗ 04 ਮਾਰਚ ਨੂੰ ਪਾਏ ਜਾਣਗੇ। ਉਹਨਾਂ ਦੱਸਿਆ ਕਿ ਹੋਲੇ ਮਹੱਲੇ ਮੌਕੇ ਵੱਡੀ ਗਿਣਤੀ ਵਿੱਚ ਨਾਨਕ ਨਾਮ ਲੇਵਾ ਸੰਗਤਾਂ ਅਤੇ ਖਾਲਸਾ ਪੰਥ ਦੀ ਆਮਦ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਵੱਲੋਂ ਵੱਡੇ ਪੱਧਰ ’ਤੇ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ। ਰੰਗ ਰੋਗਨ ਦੀ ਸੇਵਾ ਗੁਰਦੁਆਰਾ ਗੁਰੂ ਕੇ ਬਾਗ ਮੁੱਖ ਪ੍ਰਬੰਧਕ ਬਾਬਾ ਸਤਨਾਮ ਸਿੰਘ ਜੀ ਨੂੰ ਦਿੱਤੀ ਗਈ ਹੈ ਜਿਨਾਂ ਵੱਲੋਂ ਖਾਲਸਾ ਪੰਥ ਦੇ ਪ੍ਰਗਟ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰੰਗ ਰੋਗਨ ਦੀ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਹੋਰ ਦੱਸਿਆ ਕਿ ਇਸ ਵਾਰ ਹੋਲੇ ਮਹੱਲੇ ਮੌਕੇ ਸੰਗਤਾਂ ਲਈ ਵਾਟਰ ਪਰੂਫ ਟੈਂਟ ਅਤੇ ਵਾਟਰ ਪਰੂਫ ਰਿਹਾਇਸ਼ਾਂ ਵੀ ਵੱਡੇ ਪੱਧਰ ’ਤੇ ਬਣਾਈਆਂ ਜਾ ਰਹੀਆਂ ਹਨ। ਇਸ ਮੌਕੇ ਮੀਤ ਮੈਨੇਜਰ ਭੁਪਿੰਦਰ ਸਿੰਘ, ਮੀਤ ਮੈਨੇਜਰ ਐਡਵੋਕੇਟ ਜਸਵੀਰ ਸਿੰਘ, ਸੂਚਨਾ ਅਫਸਰ ਹਰਪ੍ਰੀਤ ਸਿੰਘ ਆਦਿਕ ਵੀ ਹਾਜ਼ਰ ਸਨ।

### ਜਨਮ ਅਸਥਾਨ ਗੁਰੁਦਆਰਾ ਪਹੂਵਿੰਡ ਵਿਖੇ

# ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ




**ਚੌਕ ਮਹਿਤਾ,,28 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਇਤਿਹਾਸਕ ਗੁਰਦੁਆਰਾ ਜਨਮ ਅਸਥਾਨ ਅਨੌਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਪਹੂਵਿੰਡ(ਅੰਮ੍ਰਿਤਸਰ) ਵਿਖੇ ਦਮਦਮੀ ਟਕਸਾਲ ਤੇ ਸਮੂਹ ਨਾਮ ਲੇਵਾ ਸੰਗਤਾਂ ਵੱਲੋਂ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ 344ਵਾਂ ਜਨਮ ਦਿਹਾੜਾ ਬਹੁਤ ਹੀ ਉਤਸ਼ਾਹ ਪੂਰਵਕ ਮਨਾਇਆ ਗਿਆ।

**ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ ਕਰਵਾਏ ਗਏ ਧਾਰਮਿਕ ਸਮਾਗਮ**

ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੀ ਬ੍ਰਾਂਚ ਵਜੋਂ ਇਸ ਪਵਿੱਤਰ ਅਸਥਾਨ ‘ਤੇ ਚੱਲ ਰਹੀ ਕਾਰ-ਸੇਵਾ ਦੀ ਜ਼ਿੰਮੇਵਾਰੀ ਨਿਭਾ ਰਹੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਾਏ ਗਏ।ਇਸ ਮੌਕੇ ਬਹੁਤ ਸਾਰੀਆਂ ਪ੍ਰਮੁੱਖ ਪੰਥਕ ਸ਼ਖਸ਼ੀਅਤਾਂ,ਸਿੱਖ ਵਿਦਵਾਨ,ਕਥਾਵਾਚਕ,ਕਵੀਸ਼ਰੀ ਤੇ ਰਾਗੀ ਜਥਿਆਂ ਤੋਂ ਇਲਾਵਾ ਵੱਡੀ ਗਿਣਤੀ ‘ਚ ਸੰਗਤਾਂ ਨੇ ਹਾਜ਼ਰੀ ਭਰੀ।

ਬੀਤੇਂ ਦਿਨੀਮ ਮੁੱਖ ਸਮਾਗਮ ਦੌਰਾਨ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਸਮਾਗਮ ਦੀ ਆਰੰਭਤਾ ਕੀਤੀ ਗਈ।ਅਰਦਾਸ ਬੇਨਤੀ ਤੇ ਮੁੱਖ ਵਾਕ ਤੋਂ ਬਾਅਦ ਸੱਚਖੰਡ ਹਰਮੰਦਿਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ

ਭਾਈ ਜਗਤਾਰ ਸਿੰਘ ਦੇ ਜਥੇ ਵੱਲੋਂ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ ਤੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਮੰਦਿਰ ਸਾਹਿਬ ਸ੍ਰੀ ਅੰਮ੍ਰਿਤਸਰ ਵੱਲੋਂ ਕਥਾ ਵਿਚਾਰ ਦੀ ਸਾਂਝ ਪਾਈ ਗਈ।ਇਸ ਦੌਰਾਨ ਸਮਾਗਮ ‘ਚ ਸ਼ਾਮਿਲ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਮੂਹ ਸੰਗਤਾਂ ਨੂੰ ਜਨਮ ਦਿਹਾੜੇ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਇੱਕ ਮਹਾਨ ਸਿੱਖ ਜਰਨੈਲ ਸਨ,ਜਿੰਨ੍ਹਾਂ ਨੂੰ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਹੋਣ ਦਾ ਮਾਣ ਪ੍ਰਾਪਤ ਹੈ।ਬਾਬਾ ਦੀਪ ਸਿੰਘ ਨੇ ਸੱਚਖੰਡ ਸ੍ਰੀ ਹਰਮੰਦਿਰ ਸਾਹਿਬ ਦੀ ਪਵਿੱਤਰਤਾ ਬਹਾਲੀ ਤੇ ਗੁਰਧਾਮਾਂ ਦੀ ਹੋ ਰਹੀ ਬੇਹੁਰਮਤੀ ਨੂੰ ਰੋਕਣ ਲਈ ਆਪਣਾ ਸੀਸ ਤਲੀ ‘ਤੇ ਧਰ ਕੇ ਲੜਦੇ ਹੋਏ ਜੰਗ ਦੇ ਮੈਦਾਨ ‘ਚ ਸ਼ਹਾਦਤ ਪ੍ਰਾਪਤ ਕੀਤੀ।ਉਨ੍ਹਾਂ ਨੇ ਕਿਹਾ ਕਿ ਦਮਦਮੀ ਟਕਸਾਲ ਦਾ ਇਤਿਹਾਸ ਹਮੇਸ਼ਾਂ ਕੁਰਬਾਨੀਆਂ ਭਰਿਆ ਰਿਹਾ ਹੈ ਤੇ ਬਾਬਾ ਦੀਪ ਸਿੰਘ ਦੀ ਸ਼ਹਾਦਤ ਤੋਂ ਬਾਅਦ ਅੱਜ ਤੱਕ ਟਕਸਾਲ ਦੇ ਆਗੂਆਂ ਨੇ ਸ੍ਰੀ ਹਰਮੰਦਿਰ ਸਾਹਿਬ ਦੀ ਆਨ-ਬਾਨ ਤੇ ਸ਼ਾਨ ਲਈ ਆਪਣੇ ਸਿਰਾਂ ਦੀ ਕੁਰਬਾਨੀ ਦਿੱਤੀ ਹੈ।ਉਨ੍ਹਾਂ ਨੇ ਸੰਗਤ ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਂਣਦਿਆਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੇ ਗੁਰਬਾਈ ਅਨੁਸਾਰ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ।ਇਸ ਦੌਰਾਨ ਸਿੱਖ ਵਿਦਵਾਨ ਬਾਬਾ ਬੰਤਾ ਸਿੰਘ ਨੇ ਵੀ ਬਾਬਾ ਦੀਪ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਤੋਂ ਜਾਣੂ ਕਰਾਉਂਦਿਆਂ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ।ਇਸਦੇ ਨਾਲ ਹੀ ਸੰਤ ਬਾਬਾ ਗੁਰਬਚਨ ਸਿੰਘ ਦਲ ਪੰਥ ਬਾਬਾ ਬਿਧੀ ਚੰਦ ਸਾਹਿਬ ਸੁਰਸਿੰਘ,ਗਿਆਨੀ ਸੰਤੋਖ ਸਿੰਘ ਤੇ ਸੰਤ ਬਾਬਾ ਗੁਰਭੇਜ ਸਿੰਘ ਖਜਾਲਾ ਮੁੱਖ ਬੁਲਾਰਾ ਸੰਤ ਸਮਾਜ ਨੇ ਵੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈਪ ਇਸ ਮੌਕੇ ਭਾਈ ਅਜੈਬ ਸਿੰਘ ਅਭਿਆਸੀ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਬਾਬਾ ਜਸਵੰਤ ਸਿੰਘ ਆਸਲਾਂ ਵਾਲੇ,ਸੰਤ ਬਾਬਾ ਜਸਕਰਨ ਸਿੰਘ ਅਕਬਰਪੁਰਾ,ਸੰਤ ਬਾਬਾ ਗੁਰਦੇਵ ਸਿੰਘ ਜੀ ਦਸੂਹੇ ਵਾਲੇ (ਦਲ ਪੰਥ ਭਾਈ ਧੰਨਾ ਜੀ ),ਸਰਪੰਚ ਭਾਈ ਅਮਰਜੀਤ ਸਿੰਘ ਪਹੂਵਿੰਡ,ਬਾਬਾ ਗੁਰਦੇਵ ਸਿੰਘ ਠੱਠੇ ਵਾਲੇ (ਅੰਸ-ਬੰਸ ਬਾਬਾ ਜਵੰਦ ਸਿੰਘ ਜੀ ),ਗਿਆਨੀ ਸਾਹਬ ਸਿੰਘ ਦਮਦਮੀ ਟਕਸਾਲ,ਬਾਬਾ ਬਲਵਿੰਦਰ ਸਿੰਘ ਮਾਲੋਵਾਲ,ਭਾਈ ਅਵਤਾਰ ਸਿੰਘ ਵੈਦ,ਕਵੀਸ਼ਰ ਭਾਈ ਸਤਨਾਮ ਸਿੰਘ ਅਣਖੀ,ਢਾਡੀ ਭਾਈ ਮਨਬੀਰ ਸਿੰਘ ਪਹੂਵਿੰਡ,ਪ੍ਰਿੰ. ਧਰਮਬੀਰ ਸਿੰਘ,ਪ੍ਰਿੰ. ਇੰਦਰਜੀਤ ਸਿੰਘ ਤੇ ਚੇਅਰਮੈਨ ਰਜਵੰਤ ਸਿੰਘ ਪਹੂਵਿਡ ਆਦਿ ਨੇ ਵੀ ਸਮਾਗਮ ‘ਚ ਹਾਜ਼ਰੀ ਭਰੀ।

# ਮਾਨਸਿਕ ਅਤੇ ਸਰੀਰਕ ਸਿਹਤ ਦਾ ਆਪਸੀ ਸੰਬੰਧ



ਮਨੁੱਖੀ ਸਰੀਰ ਕੁਦਰਤ ਦੀ ਸ਼ਾਹਕਾਰ ਰਚਨਾ ਹੈ ਅਤੇ ਇਸਦਾ ਕੇਂਦਰ ਦਿਮਾਗ ਹੈ ਜੋ ਸਰੀਰ ਦਾ ਸਭ ਤੋਂ ਅਹਿਮ ਅੰਗ ਹੈ। ਦਿਮਾਗ ਸਰੀਰ ਦੀਆਂ ਸਾਰੀਆਂ ਕਿਰਿਆਵਾਂ ਨੂੰ ਨਿਯੰਤ੍ਰਿਤ ਕਰਦਾ ਹੈ। ਦਿਮਾਗ ਅਤੇ ਸਰੀਰ ਦੇ ਵਿਚਕਾਰ ਸੰਬੰਧ ਸਿਰਫ ਨਿਯੰਤ੍ਰਣ ਅਤੇ ਪ੍ਰਤੀਕਿਰਿਆ ਦਾ ਨਹੀਂ ਹੈ; ਇਹ ਇੱਕ ਗਤੀਸ਼ੀਲ ਪ੍ਰਭਾਵ ਹੈ ਜੋ ਸਰੀਰਕ ਸਿਹਤ, ਭਾਵਨਾਤਮਕ ਸੁਖ-ਦੁੱਖ ਅਤੇ ਕੁੱਲ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ।

**ਦਿਮਾਗ ਇੱਕ ਨਿਯੰਤ੍ਰਣ ਕੇਂਦਰ**-ਦਿਮਾਗ ਸਰੀਰ ਦਾ ਕੇਂਦਰੀ ਕਮਾਂਡ ਕੇਂਦਰ ਹੈ ਜੋ ਸਰੀਰ ਦੀਆਂ ਇੰਦ੍ਰਿਆਂ ਤੋਂ ਜਾਣਕਾਰੀ ਪ੍ਰਾਪਤ ਕਰਕੇ ਪ੍ਰਕਿਰਿਆ ਕਰਦਾ ਹੈ। ਇਹ ਵੱਖ-ਵੱਖ ਖੇਤਰਾਂ ਵਿੱਚ ਵੰਡਿਆ ਗਿਆ ਹੈ ਅਤੇ ਹਰ ਇੱਕ ਹਿੱਸਾ ਵੱਖਰੇ ਵੱਖਰੇ ਕਾਰਜਾਂ ਦੀ ਦੇਖਰੇਖ ਕਰਦਾ ਹੈ। ਦਿਮਾਗ ਇਕੱਲਾ ਕੰਮ ਨਹੀਂ ਕਰਦਾ ਬਲਕਿ ਇਹ ਲਗਾਤਾਰ ਸਰੀਰ ਨਾਲ ਸੰਚਾਰ ਕਰਦਾ ਹੈ। ਇਹ ਸੰਚਾਰ ਹੋਮਿਓਸਟੇਸਿਸ ਬਣਾਈ ਰੱਖਣ ਲਈ ਜ਼ਰੂਰੀ ਹੈ—ਇੱਕ ਆਤਮਿਕ ਬੈਲੈਂਸ ਜੋ ਜੀਵਨ ਲਈ ਲੋੜੀਂਦਾ ਹੈ।

**ਨਿਊਰੋਟਰਾਂਸਮੀਟਰਾਂ ਦੀ ਭੂਮਿਕਾ**-ਨਿਊਰੋਟਰਾਂਸਮੀਟਰ ਰਸਾਇਣਕ ਸੁਨੇਹੇ ਹਨ ਜੋ ਅੰਗਾਂ ਅਤੇ ਦਿਮਾਗ ਦੇ ਵਿਚਕਾਰ ਸੰਕੇਤਾਂ ਨੂੰ ਪ੍ਰੇਰਿਤ ਕਰਦੇ ਹਨ ਅਤੇ ਭਾਵਨਾ, ਨੀਂਦ, ਭੁੱਖ ਅਤੇ ਦਰਦ ਦੀ ਧਾਰਣਾ ਨੂੰ ਨਿਯੰਤ੍ਰਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਉਦਾਹਰਨ ਵਜੋਂ**:ਸੇਰੋਟੋਨਿਨ, ਜਿਸਨੂੰ ਚੰਗਾ ਮਹਿਸੂਸ ਕਰਨ ਵਾਲਾ ਨਿਊਰੋਟਰਾਂਸਮੀਟਰ ਕਿਹਾ ਜਾਂਦਾ ਹੈ, ਇਹ ਭਾਵਨਾ ਨਿਯੰਤ੍ਰਿਤ ਕਰਨ ਨਾਲ ਸੰਬੰਧਿਤ ਹੈ। ਸੇਰੋਟੋਨਿਨ ਦੇ ਘੱਟ ਪੱਧਰ ਮਨੋਵਿਗਿਆਨਿਕ ਬਿਮਾਰੀਆਂ ਉਦਾਸੀ ਅਤੇ ਚਿੰਤਾ ਨੂੰ ਸੱਦਾ ਦਿੰਦੇ ਹਨ। ਡੋਪਾਮਾਈਨ ਇਨਾਮ ਪ੍ਰਕਿਰਿਆ ਅਤੇ ਪ੍ਰੇਰਣਾ ਵਿੱਚ ਸ਼ਾਮਲ ਹੁੰਦਾ ਹੈ। ਇਹ ਸਰੀਰ ਦੇ ਅੰਗਾਂ ਵਿਚਕਾਰ ਆਪਸੀ ਤਾਲਮੇਲ ਬਣਾਉਣ ਦੇ ਨਾਲ-ਨਾਲ ਦਿਮਾਗ ਦੇ ਖੁਸ਼ੀ ਦੇ ਕੇਂਦਰਾਂ ਵਿੱਚ ਵੀ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਐਂਡੋਰਫਿਨ ਉਹ ਕੁਦਰਤੀ ਦਰਦ ਨਿਵਾਰਕ ਹਨ ਜੋ ਦਿਮਾਗ ਦੁਆਰਾ ਉਤਪਾਦਿਤ ਹੁੰਦੇ ਹਨ ਅਤੇ ਖੁਸ਼ੀ ਦੀਆਂ ਭਾਵਨਾਵਾਂ ਨੂੰ ਵਧਾਉਂਦੇ ਹਨ। ਇਨ੍ਹਾਂ ਨਿਊਰੋਟਰਾਂਸਮੀਟਰਾਂ ਦਾ ਸੰਤੁਲਨ ਮਨੋਵਿਗਿਆਨਿਕ ਅਤੇ ਸਰੀਰਕ ਸਿਹਤ ਦੋਹਾਂ ’ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦਾ ਹੈ। ਉਦਾਹਰਨ ਵਜੋਂ ਲੰਬੇ ਸਮੇਂ ਤੱਕ ਦੇ ਤਣਾਅ ਨਾਲ ਅਜਿਹੇ ਅਸੰਤੁਲਨ ਹੋ ਸਕਦੇ ਹਨ ਜੋ ਮਨੋਵਿਗਿਆਨਿਕ ਬਿਮਾਰੀਆਂ ਉਦਾਸੀ ਅਤੇ ਡਰ ਦੇ ਨਾਲ ਦਿਲ ਦੀ ਬਿਮਾਰੀਆਂ ਦਾ ਕਾਰਨ ਵੀ ਬਣ ਸਕਦੇ ਹਨ।

**ਸਰੀਰਕ ਸਿਹਤ ਦਾ ਮਾਨਸਿਕ ਸੁਖ-ਦੁੱਖ ’ਤੇ ਪ੍ਰਭਾਵ**-ਸਰੀਰਕ ਸਿਹਤ ਦਾ ਮਾਨਸਿਕ ਸੁਖ-ਦੁੱਖ ’ਤੇ ਡੂੰਘਾ ਪ੍ਰਭਾਵ ਹੁੰਦਾ ਹੈ। ਰੋਜ਼ਾਨਾ ਕਸਰਤ ਨਾਲ ਮਾਨਸਿਕ ਮਨੋਭਾਵ ਸੁਧਰਦੇ ਹਨ ਅਤੇ ਉਦਾਸੀ ਅਤੇ ਡਰ ਦੇ ਲੱਛਣ ਘੱਟ ਹੁੰਦੇ ਹਨ। ਇਸ ਦੇ ਨਾਲ ਸਰੀਰਕ ਗਤੀਵਿਧੀਆਂ ਵਧੀਆ ਨੀਂਦ ਦੀ ਗੁਣਵੱਤਾ ਨੂੰ ਵੀ ਉਤਸ਼ਾਹਿਤ ਕਰਦੀ ਹੈ ਜੋ ਕਿ ਕੋਗਨੀਟਿਵ ਕਾਰਜਾਂ ਅਤੇ ਭਾਵਨਾ ਨਿਯੰਤ੍ਰਣ ਲਈ ਜ਼ਰੂਰੀ ਹੈ। ਪੋਸ਼ਣ ਵੀ ਇਸ ਸੰਬੰਧ ਵਿੱਚ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਓਮੇਗਾ-3 ਫੈਟੀ ਐਸਿਡ, ਐਂਟੀਓਕਸਿਡੈਂਟ, ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਸੰਤੁਲਿਤ ਆਹਾਰ ਦਿਮਾਗ ਦੀ ਸਿਹਤ ਨੂੰ ਸਮਰੱਥਨ ਕਰਦਾ ਹੈ।

**ਮਾਨਸਿਕ ਅਵਸਥਾ ਦਾ ਸਰੀਰਕ ਸਿਹਤ ’ਤੇ ਪ੍ਰਭਾਵ**-ਉਲਟ ਮਾਨਸਿਕ ਅਵਸਥਾ ਸਰੀਰਕ ਸਿਹਤ ’ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦੀ ਹੈ। ਲੰਬੇ ਸਮੇਂ ਤੱਕ ਦੇ ਤਣਾਅ, ਉਦਾਸੀ ਅਤੇ ਡਰ ਸਮੇਤ ਕਈ ਸਰੀਰਕ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ, ਜਿਵੇਂ ਕਿ:


**ਦਿਲ ਦੀਆਂ ਸਮੱਸਿਆਵਾਂ**: ਲੰਮੇ ਸਮੇਂ ਦਾ ਤਣਾਅ ਕੋਰਟੀਜ਼ੋਲ ਅਤੇ ਐਡ੍ਰੀਨਲਾਈਨ ਹਾਰਮੋਨ ਦੇ ਛੱਡਣ ਨੂੰ ਪ੍ਰੇਰਿਤ ਕਰਦਾ ਹੈ ਜੋ ਕਿ ਸਮੇਂ ਦੇ ਨਾਲ ਦਿਲ ਦੀ ਧੜਕਣ ਅਤੇ ਬਲੱਡ ਪ੍ਰੈਸ਼ਰ ਦੇ ਪੱਧਰ ਨੂੰ ਉੱਚਾ ਕਰ ਸਕਦੇ ਹਨ, ਜਿਸ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ ਵਧ ਜਾਂਦਾ ਹੈ।

**ਇਮਯੂਨ ਸਿਸਟਮ** : ਲੰਬੇ ਸਮੇਂ ਤੱਕ ਦੇ ਤਣਾਅ ਨਾਲ ਇਮਯੂਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ ਜਿਸ ਨਾਲ ਵਿਅਕਤੀ ਬਿਮਾਰੀਆਂ ਅਤੇ ਇੰਫੈਕਸ਼ਨਾ ਪ੍ਰਤੀ ਵੱਧ ਸੰਵੇਦਨਸ਼ੀਲ ਹੋ ਜਾਂਦੇ ਹਨ।

**ਪਚਾਉਣ ਦੀਆਂ ਸਮੱਸਿਆਵਾਂ**: ਲੰਮੇ ਸਮੇਂ ਦਾ ਤਣਾਅ ਮਨੋਵਿਗਿਆਨਿਕ ਬਿਮਾਰੀਆਂ ਉਦਾਸੀ ਅਤੇ ਡਰ ਨੂੰ ਜਨਮ ਦਿੰਦਾ ਹੈ ਜਿਸ ਨਾਲ ਪਚਾਉਣ ਦੀਆਂ ਸਮੱਸਿਆਵਾਂ ਜਿਵੇਂ ਕਿ ਇਰੇਟੇਬਲ ਬਾਅਲ ਸਿੰਡ੍ਰੋਮ ਨੂੰ ਜਨਮ ਦੇ ਸਕਦੇ ਹਨ ਜੋ ਮੌਜੂਦਾ ਹਾਲਤਾਂ ਨੂੰ ਹੋਰ ਮਾੜਾ ਕਰ ਸਕਦੇ ਹਨ।

**-ਡਾ. ਸੁਰਿੰਦਰ ਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਪਤਿਸ਼ਾਹੀ ਸ਼ਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for **AWAZE QAUM** Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਸੰਤ ਗਿਆਨੀ ਗੁਰਬਚਨ ਸਿੰਘ ਜੀ
ਖ਼ਾਲਸਾ ਮੈਮੋਰੀਅਲ ਹਸਪਤਾਲ




ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।
+91 98767-50784 +91 98767-50784
ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ
ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'


350 ਸਾਲਾ ਸ਼ਹੀਦੀ ਦਿਵਸ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ,
ਭਾਈ ਮਤੀਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ
ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ:)
ਵੱਲੋਂ
21 ਸਭਾਗੇ ਜੋੜਿਆਂ ਦੇ ਅਨੰਦ ਕਾਰਜ
ਅਨੰਦ ਕਾਰਜ ਅਤੇ ਗੁਰਮਤਿ ਸਮਾਗਮ
ਮਿਤੀ 22 ਫਰਵਰੀ 2026
ਸਵੇਰੇ 10 ਤੋਂ ਦੁਪਹਿਰ 3 ਵਜੇ ਤੱਕ
ਸਥਾਨ -
ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ
ਦਾਦੂ ਸਾਹਿਬ
ਨੇੜੇ ਕਾਲਾਂਵਾਲੀ ਮੰਡੀ,
ਜ਼ਿਲ੍ਹਾ ਸਿਰਸਾ (ਹਰਿਆਣਾ)
LIVE ON
Akaal
CHARDIKLA TIME TV
Mr. Singh Production
ਆਵਾਜ਼ਿ ਕੌਮ AWAZE QAUM TV
YouTube
Jathedar Baljit Singh Khalsa Daduwal
ਲੋੜਵੰਦ ਪ੍ਰੀਵਾਰ ਆਪਣੀਆਂ ਬੱਚੀਆਂ ਦੇ ਨਾਮ 15 ਜਨਵਰੀ ਤੋਂ
ਪਹਿਲਾਂ ਪਹਿਲਾਂ ਦਰਜ ਕਰਵਾਉਣ ਦੀ ਕਿਰਪਾਲਤਾ ਕਰੋ ਜੀ
ਬੇਨਤੀ ਕਰਤਾ - ਸੁੱਖ ਸੇਵਾ ਸਿਮਰਨ ਟਰਸੱਟ (ਰਜ਼ਿ) ਜੱਥਾ ਦਾਦੂ ਸਾਹਿਬ
ਸਮੂੰਹ ਨਗਰ ਅਤੇ ਇਲਾਕਾ ਨਿਵਾਸੀ ਸਾਧ ਸੰਗਤ
ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸੰਪਰਕ ਨੰ: 93560-60960, 97791-72813
ਅੰਬੈਸਡਰ ਫਾਰ ਪੀਸ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰੱਸਟ (ਰਜ਼ਿ:)


!! ਪੂਜਾ ਅਕਾਲ ਕੀ !!
!! ਪਰਚਾ ਸ਼ਬਦ ਕਾ !!
!! ਦੀਦਾਰ ਖਾਲਸੇ ਕਾ !!
ਸਮੂੰਹ ਇਲਾਕਾ ਨਿਵਾਸੀਆਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ
ਸੱਤਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਤੇ
ਸੱਚਖੰਡ ਵਾਸੀ ਸੰਤ ਬਾਬਾ ਲਾਭ ਸਿੰਘ ਜੀ ਅਤੇ ਸੰਤ ਬਾਬਾ ਹਰੀ ਸਿੰਘ ਜੀ
ਦੇਸੂਯੋਧਾ ਵਾਲਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ
20ਵਾਂ ਸਾਲਾਨਾ ਧਾਰਮਿਕ ਸਮਾਗਮ
ਮਿਤੀ 29-30-31
ਜਨਵਰੀ 2026
ਦਿਨ ਵੀਰਵਾਰ, ਸ਼ੁੱਕਰਵਾਰ
ਅਤੇ ਸ਼ਨੀਵਾਰ
ਸਮਾਂ :
ਸਵੇਰੇ 11 ਵਜੇ
ਤੋਂ 2 ਵਜੇ ਤੱਕ
ਸਥਾਨ :
ਪਿੰਡ ਜੋਗੇਵਾਲਾ
ਕੋਠੇ ਹਰਿ ਰਾਏ ਸਾਹਿਬ ਜੀ
ਨੇੜੇ ਡੱਬਵਾਲੀ ਮੰਡੀ ਸਿਰਸਾ ਵਿਖੇ
ਮਿਤੀ 31 ਜਨਵਰੀ, 3 ਵਜੇ
ਅੰਮ੍ਰਿਤ ਸੰਚਾਰ ਵੀ ਹੋਵੇਗਾ
ਅੰਬੈਸਡਰ ਫਾਰ ਪੀਸ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਸੰਤ ਬਾਬਾ ਬੂਟਾ ਸਿੰਘ ਗੁਰਥੜੀ ਵਾਲੇ,
ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥਾ ਗੁਰਦੁਆਰਾ ਦਾਦੂ ਸਾਹਿਬ, ਬਾਬਾ ਜਸਵਿੰਦਰ ਸਿੰਘ ਤਿਉਣਾ ਵਾਲੇ
ਗੁਰਬਾਣੀ ਕਥਾ ਕੀਰਤਨ ਦੁਆਰਾ ਸਿੱਖ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।
ਸਰਬੱਤ ਸੰਗਤਾਂ ਸਮੇਂ ਸਿਰ ਹਾਜਰੀ ਭਰ ਕੇ ਗੁਰਬਾਣੀ ਕਥਾ ਕੀਰਤਨ ਦਾ ਲਾਹਾ ਪ੍ਰਾਪਤ ਕਰੋ ਜੀ।
ਬੇਨਤੀ ਕਰਤਾ -
ਸਮੂੰਹ ਸਾਧ ਸੰਗਤ, ਪਿੰਡ ਜੋਗੇਵਾਲਾ, ਨੇੜੇ ਡੱਬਵਾਲੀ, ਸਿਰਸਾ
86840-10671, 94167-69745, 95887-20116
94679-08015, 87088-48139

ਰੋਜ਼ਾਨਾ ਸਵਾ ਲੱਖ
ਮੂਲ ਮੰਤਰ ਜਾਪ

ਨਾਮ ਰਸੀਏ ਅਸੀਸਾਂ ਬਖ਼ਸ਼ਣ
ਨਾਮ ਅਭਿਆਸੀ ਹਾਜ਼ਰੀਆਂ ਭਰਨ

ਰੋਜ਼ਾਨਾ 125 ਪਾਠ
ਸੁਖਮਨੀ ਸਾਹਿਬ

# ਗੁਰ ਭਗਤੀ ਸ਼ਬਦ ਜਾਪ

ਧੰਨ ਬਾਬਾ ਨੰਦ ਸਿੰਘ ਜੀ ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਯਾਦ ਵਿੱਚ ਅਭਿਆਸੀ ਗੁਰਸਿੱਖਾਂ ਨੂੰ ਸਮਰਪਿਤ

1 ਜਨਵਰੀ ਤੋਂ 5 ਫਰਵਰੀ ਪੋਹ ਮਾਘ 2026

ਨਾਨਕਸਰ ਕੁਟੀਆ ਪਟਿਆਲਾ ਵਿਖੇ

36 ਦਿਨ ਸ਼ਾਮ 7:00 ਤੋਂ 9:00 ਕੀਰਤਨ-ਕਥਾ

## 36 ਦਿਨ, 36 ਬਾਣੀਆਂ, 36 ਵਿਦਵਾਨ

31 ਜਨਵਰੀ 2026

ਵਿਸ਼ਾ: ਸਵਯੇ ਸ੍ਰੀ ਮੁਖਬਾਕ੍ ਮਹਲਾ ੫



ਰਾਗੀ ਸੰਤੋਖ ਸਿੰਘ



ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ

ਆਵਾਜ਼ਿ ਕੌਮ AWAZE QAUM
International Newspaper & WEB TV



ਅਰਜ਼ੋਈ ਕਰਤਾ:
ਬਾਬਾ ਹਰਚਰਨ ਸਿੰਘ,
ਨਾਨਕਸਰ ਕੁਟੀਆ ਬਿਹੰਗਮ,ਸਤਿਸੰਗੀ,
ਤ੍ਰਿਪੜੀ,ਪਟਿਆਲਾ,ਪੰਜਾਬ
9815133113

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

**ਧੰਨ ਧੰਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# 28ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ

ਆਵਾਜ਼ਿ ਕੌਮ AWAZE QAUM
International Newspaper & WEB TV

ਮਿਤੀ : **11 ਫਰਵਰੀ 2026, ਦਿਨ ਬੁੱਧਵਾਰ ।**

ਸਹਾਇਤਾ ਵੰਡ ਸਮਾਗਮ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : **ਗਰਾਂਊਂਡ ਮਿਡਲ ਸਕੂਲ, ਪਿੰਡ ਐਮਾਂ ਜੱਟਾਂ, ਜ਼ਿਲਾ ਹੁਸ਼ਿਆਰਪੁਰ ਵਿਖੇ ।**

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਯੋਗੀ ਦੇਵੀ ਨਾਥ ਐਮਾਂ ਜੱਟਾਂ ।

ਮੁੱਖ ਮਹਿਮਾਨ : ਸ: ਜਗਤਾਰ ਸਿੰਘ ਸਟੇਟ ਟੈਕਸ ਅਫ਼ਸਰ ਹੁਸ਼ਿਆਰਪੁਰ ।

ਵਿਸ਼ੇਸ਼ ਮਹਿਮਾਨ:
ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਯੂਨੀਕ ਹੋਮ, ਭਾਈ ਘੱਨਈਆ ਜੀ ਚੈਰੀਟੇਬਲ ਟਰੱਸਟ ਜਲੰਧਰ ।
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ
ਸ਼੍ਰੀ ਯੋਗ ਰਾਜ ਮੈਰਾ, ਡਾਇਰੈਕਟਰ ਫਾਈਨਾਂਸੀਅਲ ਐਡਵਾਈਜ਼ਰ ਡਿਪਾਰਟਮੈਂਟ ਆਫ ਪੋਸਟ ਮਨੀਸੀਟਰੀ ਆਫ ਕੁਮਿਨੀਕੇਸ਼ਨ ਭਾਰਤ ਸਰਕਾਰ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ SGPC ਅੰਮ੍ਰਿਤਸਰ, ਸ: ਦਲਜੀਤ ਸਿੰਘ ਖੱਖ, ਡੀ.ਐਸ.ਪੀ, ਗੜ੍ਹਸ਼ੰਕਰ।
ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਅਤੇ ਬੀ.ਡੀ.ਸੀ. ਨਵਾਂਸ਼ਹਿਰ ।
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਹਰਸੇਵਾ ਮੈਡੀਕਲ ਟਰੱਸਟ, ਯੂ.ਕੇ. ਮੋਰਾਂਵਾਲੀ ।, ਗ੍ਰੀਨ ਵਿਲੇਜ਼ ਸੁਸਾਇਟੀ, ਬੀਣੇਵਾਲ ।
ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਗੜ੍ਹਸ਼ੰਕਰ ।
ਮਾਤਾ ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ, ਭੂੰਗਰਨੀ, ਹੁਸ਼ਿਆਰਪੁਰ।
ਲੈਕ: ਰਜਿੰਦਰ ਕੁਮਾਰ ਸ਼ਰਮਾ, ਬੰਗਾ।, ਸਮਾਜ ਭਲਾਈ ਸਵੈ-ਸੇਵੀ ਸੰਸਥਾ, ਪਿੰਡ ਸੁੱਜੋਂ ।
ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁਲਪੁਰ, ਨਵਾਂਗਰਾ ।
ਸ: ਜਤਿੰਦਰ ਸਿੰਘ ਲਾਡੀ ਸਭ ਦਾ ਭਲਾ ਚੈਰੀਟੇਬਲ ਹਸਪਤਾਲ, ਸ਼ਿਕਾਰ ਮਾਸ਼ੀਆਂ (ਗੁਰਦਾਸਪੁਰ)
ਰਵਿੰਦਰ ਕੌਰ ਕਨੇਡਾ ਐਮਾਂ ਜੱਟਾਂ, ਸੁਰਿੰਦਰ ਸਿੰਘ ਯੂ.ਕੇ. ਐਮਾਂ ਜੱਟਾਂ,
ਡਾ: ਪਰਮਿੰਦਰ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਸਲਾ ਕਾਲਜ, ਮਾਹਿਲਪੁਰ ।
ਡਾ: ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਬੰਗਾ ।

ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦਾ ਲੰਗਰ ਲਗਾਇਆ ਜਾਵੇਗਾ ।

ਲਾਈਵ ਚੈਨਲ ਮਿਸਟਰ ਸਿੰਘ ਪ੍ਰੋਡੈਕਸ਼ਨ ਟੀ.ਵੀ. ਚੈਨਲ ਤੇ ਲਾਈਵ ਹੋਵੇਗਾ ।

ਸਨਮਾਨਿਤ ਸਖਸ਼ੀਅਤਾਂ ਅਤੇ ਸੰਸਥਾਵਾਂ
ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ ।
ਸ: ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ।
ਡਾ: ਕਸ਼ਮੀਰ ਚੰਦ ਐਮ.ਐਸ. ਪੀ.ਸੀ.ਐਮ.ਐਸ.-1, ਸਰਜੀਕਲ ਸਪੈਸ਼ਲਿਸਟ, ਐਮ.ਜੇ. ਲਾਈਫ ਹਸਪਤਾਲ, ਬੰਗਾ
ਡਾ: ਨਿਰਮਲ ਕੁਮਾਰ, ਐਸ.ਐਮ.ਓ. ਸੀ.ਐਚ.ਸੀ. ਬੀਣੇਵਾਲ, ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ।
ਰਿਟਾਇਰ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।
ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

**ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ ।**

ਅਜ਼ਾਦ ਰੰਗਮੰਚ ਰਜਿ: ਕਲਾ ਭਵਨ ਫਗਵਾੜਾ ਵਲੋਂ ਬੀਬੀ ਕੁਲਵੰਤ ਦੇ ਨਿਰਦੇਸ਼ਨਾ ਤਹਿਤ "ਗੁਰੂ ਤੇਗ ਬਹਾਦਰ ਬੋਲਿਆ" ਨਾਟਕ ਪੇਸ਼ ਕੀਤਾ ਜਾਵੇਗਾ ।

ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।

ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ,
ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਐਮਾਂ ਜੱਟਾਂ (ਹੁਸ਼ਿਆਰਪੁਰ)
ਮੋਬਾ: 98153-48143, 98140-23547

ਛਾਪਕ : ਸੱਲ੍ਹਣ ਪ੍ਰਿੰਟਿੰਗ ਪ੍ਰੈਸ, ਬੰਗਾ # 94646-34793, 98159-01698

ਡਾਵੋਸ ਵਿੱਚ ਜੋ ਕਿਹਾ

# ਉਹੀ ਮੇਰਾ ਮਤਲਬ ਸੀ— ਪ੍ਰਧਾਨ ਮੰਤਰੀ ਮਾਰਕ ਕਾਰਨੀ

**ਓਟਾਵਾ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਹ ਦਾਅਵਾ ਸਪਸ਼ਟ ਤੌਰ ’ਤੇ ਖਾਰਜ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਪਿਛਲੇ ਹਫ਼ਤੇ ਡਾਵੋਸ ਵਿੱਚ ਕੀਤੀਆਂ ਆਪਣੀਆਂ ਟਿੱਪਣੀਆਂ ਤੋਂ ਪਿੱਛੇ ਹਟ ਕੇ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਹੋਈ ਗੱਲਬਾਤ ਦੌਰਾਨ ਕੋਈ ਵੱਖਰਾ ਰੁਖ਼ ਅਪਣਾਇਆ ਹੋਵੇ। ਪ੍ਰਧਾਨ ਮੰਤਰੀ ਕਾਰਨੀ ਨੇ ਸਾਫ਼ ਸ਼ਬਦਾਂ ਵਿੱਚ ਕਿਹਾ, “ਡਾਵੋਸ ਵਿੱਚ ਮੈਂ ਜੋ ਕਿਹਾ, ਉਹੀ ਮੇਰਾ ਮਤਲਬ ਸੀ।”



ਉਨ੍ਹਾਂ ਦੱਸਿਆ ਕਿ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਉਨ੍ਹਾਂ ਨੂੰ ਫ਼ੋਨ ਕੀਤਾ ਗਿਆ ਸੀ ਅਤੇ ਦੋਵੇਂ ਆਗੂਆਂ ਵਿਚਕਾਰ “ਬਹੁਤ ਹੀ ਸਕਾਰਾਤਮਕ ਅਤੇ ਰਚਨਾਤਮਕ ਗੱਲਬਾਤ” ਹੋਈ। ਇਸ ਗੱਲਬਾਤ ਦੌਰਾਨ ਆਰਕਟਿਕ ਸੁਰੱਖਿਆ, ਯੂਕਰੇਨ ਸੰਕਟ ਅਤੇ ਵੇਨੇਜ਼ੁਏਲਾ ਦੀ ਮੌਜੂਦਾ ਸਥਿਤੀ ਵਰਗੇ ਮਹੱਤਵਪੂਰਨ ਅੰਤਰਰਾਸ਼ਟਰੀ ਮਸਲਿਆਂ ’ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਮਾਰਕ ਕਾਰਨੀ ਨੇ ਕਿਹਾ ਕਿ ਉਨ੍ਹਾਂ ਨੇ ਰਾਸ਼ਟਰਪਤੀ ਟਰੰਪ ਨੂੰ ਇਹ ਵੀ ਸਮਝਾਇਆ ਕਿ ਕੈਨੇਡਾ ਦੁਨੀਆ ਭਰ ਵਿੱਚ ਨਵੇਂ ਅੰਤਰਰਾਸ਼ਟਰੀ ਭਾਈਚਾਰੇ ਬਣਾਉਣ ਵੱਲ ਗੰਭੀਰਤਾ ਨਾਲ ਅੱਗੇ ਵੱਧ ਰਿਹਾ ਹੈ। ਇਸਦੇ ਨਾਲ ਹੀ ਚੀਨ ਨਾਲ ਕੈਨੇਡਾ ਦੇ ਵਪਾਰਕ ਬੰਦੋਬਸਤ ਬਾਰੇ ਵੀ ਗੱਲ ਕੀਤੀ ਗਈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਉਹ ਪਹਿਲਾ ਦੇਸ਼ ਸੀ, ਜਿਸਨੇ ਅਮਰੀਕੀ ਵਪਾਰ ਨੀਤੀ ਵਿੱਚ ਟਰੰਪ ਵੱਲੋਂ ਲਿਆਂਦੇ ਜਾ ਰਹੇ ਨਵੇਂ ਰੁਖ਼ ਨੂੰ ਸਮੇਂ ਸਿਰ ਸਮਝਿਆ ਅਤੇ ਕੈਨੇਡਾ ਇਸਦਾ ਜਵਾਬ “ਸਕਾਰਾਤਮਕ ਅਤੇ ਹਾਂ-ਪੱਖੀ ਤਰੀਕੇ ਨਾਲ” ਦੇ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਗੱਲਬਾਤ ਦੌਰਾਨ ਕੈਨੇਡਾ ਵੱਲੋਂ ਹੋਰ ਦੇਸ਼ਾਂ ਨਾਲ ਕੀਤੇ ਜਾ ਰਹੇ 12 ਨਵੇਂ ਵਪਾਰਕ ਅਤੇ ਰਣਨੀਤਕ ਸਮਝੌਤਿਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਭਵਿੱਖ ਦੀ ਦਿਸ਼ਾ ’ਤੇ ਵਿਚਾਰ ਹੋਇਆ।

ਇਸ ਤੋਂ ਇਲਾਵਾ, ਆਉਣ ਵਾਲੀ CUSMA (ਅਮਰੀਕਾ-ਕੈਨੇਡਾ-ਮੈਕਸੀਕੋ ਮੁਫ਼ਤ ਵਪਾਰ ਸਮਝੌਤਾ) ਦੀ ਸਮੀਖਿਆ ਵੀ ਗੱਲਬਾਤ ਦਾ ਕੇਂਦਰੀ ਵਿਸ਼ਾ ਰਹੀ। ਕਾਰਨੀ ਨੇ ਕਿਹਾ ਕਿ ਕੈਨੇਡਾ ਇਸ ਸਮੀਖਿਆ ਨੂੰ ਅਮਰੀਕਾ ਨਾਲ ਨਵੇਂ ਅਤੇ ਮਜ਼ਬੂਤ ਰਿਸ਼ਤੇ ਬਣਾਉਣ ਲਈ ਇੱਕ ਮਹੱਤਵਪੂਰਨ ਮੌਕੇ ਵਜੋਂ ਦੇਖ ਰਿਹਾ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਵੇਂ ਜਨਤਕ ਬਿਆਨਾਂ ਵਿੱਚ ਕਈ ਵਾਰ ਤੀਖ਼ਾਪਣ ਨਜ਼ਰ ਆਉਂਦਾ ਹੈ, ਪਰ ਹਕੀਕਤ ਵਿੱਚ ਦੋਵੇਂ ਦੇਸ਼ਾਂ ਦੇ ਆਗੂ ਆਪਸੀ ਸਲਾਹ-ਮਸ਼ਵਰੇ ਨਾਲ ਅੱਗੇ ਵੱਧ ਰਹੇ ਹਨ ਅਤੇ ਰਣਨੀਤਕ ਨਿਸ਼ਾਨੇ ਕੁਝ ਹੋਰ ਹੀ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਲੰਡਨ ਵਿੱਚ ਜੇਲ੍ਹ ਦੀ ਭੰਨਤੋੜ ਦੀ ਕੋਸ਼ਿਸ਼

# 86 ਪ੍ਰਦਰਸ਼ਨਕਾਰੀ ਗ੍ਰਿਫ਼ਤਾਰ; ਸੁਰੱਖਿਆ ਏਜੰਸੀਆਂ ਹਾਈ ਅਲਰਟ ’ਤੇ



**ਲੰਡਨ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿੱਚ ਸਥਿਤ ਇੱਕ ਜੇਲ੍ਹ ਦੀ ਭੰਨਤੋੜ ਕਰਨ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ 86 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਦਰਜਨਾਂ ਦੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਜੇਲ੍ਹ ਦੇ ਬਾਹਰ ਇਕੱਠੇ ਹੋ ਗਏ ਅਤੇ ਸੁਰੱਖਿਆ ਘੇਰੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਲੰਡਨ ਮੈਟਰੋਪੋਲਿਟਨ ਪੁਲਿਸ ਮੁਤਾਬਕ, ਪ੍ਰਦਰਸ਼ਨਕਾਰੀਆਂ ਵੱਲੋਂ ਜੇਲ੍ਹ ਦੇ ਮੁੱਖ ਦਰਵਾਜ਼ਿਆਂ, ਬੈਰੀਕੇਡਾਂ ਅਤੇ ਬਾਹਰੀ ਸੁਰੱਖਿਆ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਕੁਝ ਪ੍ਰਦਰਸ਼ਨਕਾਰੀਆਂ ਨੇ ਜ਼ਬਰਦਸਤੀ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਵੀ ਕੀਤੀ, ਜਿਸ ਤੋਂ ਬਾਅਦ ਪੁਲਿਸ ਨੂੰ ਤੁਰੰਤ ਦਖ਼ਲ ਦੇਣਾ ਪਿਆ।

**ਪੁਲਿਸ ਦੀ ਤੁਰੰਤ ਕਾਰਵਾਈ :** ਲਿਸ ਅਤੇ ਜੇਲ੍ਹ ਸੁਰੱਖਿਆ ਬਲਾਂ ਨੇ ਸਥਿਤੀ ਨੂੰ ਸੰਭਾਲਣ ਲਈ ਵੱਡੀ ਗਿਣਤੀ ਵਿੱਚ ਫੋਰਸ ਤਾਇਨਾਤ ਕੀਤੀ। ਹਾਲਾਤ ਬੇਕਾਬੂ ਹੋਣ ਤੋਂ ਪਹਿਲਾਂ ਹੀ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਵਿੱਚ ਲੈ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਘਟਨਾ ਦੌਰਾਨ ਕਿਸੇ ਵੀ ਕੈਦੀ ਦੇ ਭੱਜਣ ਜਾਂ ਜੇਲ੍ਹ ਅੰਦਰ ਘੁਸਣ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਈ।

**ਕਿਹੜੇ ਦੋਸ਼ ਲਗੇ-** ਗ੍ਰਿਫ਼ਤਾਰ ਕੀਤੇ ਗਏ ਪ੍ਰਦਰਸ਼ਨਕਾਰੀਆਂ ’ਤੇ:

ਗੈਰਕਾਨੂੰਨੀ ਇਕੱਠ
ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ
ਜਨਤਕ ਸ਼ਾਂਤੀ ਭੰਗ ਕਰਨ
ਪੁਲਿਸ ਦੇ ਕੰਮ ਵਿੱਚ ਰੁਕਾਵਟ ਪੈਦਾ ਕਰਨ

ਵਰਗੇ ਗੰਭੀਰ ਦੋਸ਼ ਲਗਾਏ ਗਏ ਹਨ। ਕੁਝ ਮਾਮਲਿਆਂ ਵਿੱਚ ਹੋਰ ਸਖ਼ਤ ਧਾਰਾਵਾਂ ਲਗਾਏ ਜਾਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ।

**ਸੁਰੱਖਿਆ ਹਾਈ ਅਲਰਟ :** ਘਟਨਾ ਤੋਂ ਬਾਅਦ ਜੇਲ੍ਹ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਸੁਰੱਖਿਆ ਕੜੀ ਕਰ ਦਿੱਤੀ ਗਈ ਹੈ। ਪੁਲਿਸ ਨੇ ਕਿਹਾ ਹੈ ਕਿ ਜੇਲ੍ਹਾਂ ਦੀ ਸੁਰੱਖਿਆ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਦੀਆਂ ਹਰਕਤਾਂ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

**ਜਾਂਚ ਜਾਰੀ :** ਅਧਿਕਾਰੀਆਂ ਮੁਤਾਬਕ, ਇਹ ਵੀ ਜਾਂਚਿਆ ਜਾ ਰਿਹਾ ਹੈ ਕਿ ਕੀ ਇਸ ਘਟਨਾ ਦੇ ਪਿੱਛੇ ਕੋਈ ਸੰਗਠਿਤ ਗਰੁੱਪ ਜਾਂ ਪਹਿਲਾਂ ਤੋਂ ਬਣਾਈ ਗਈ ਯੋਜਨਾ ਸੀ। ਸੀਸੀਟੀਵੀ ਫੁਟੇਜ ਅਤੇ ਸੋਸ਼ਲ ਮੀਡੀਆ ਸਮੱਗਰੀ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਇਸ਼ਾਰਾ ਦਿੱਤਾ ਹੈ ਕਿ ਅਗਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ।

**ਅਧਿਕਾਰਕ ਬਿਆਨ :** ਪੁਲਿਸ ਅਧਿਕਾਰੀਆਂ ਨੇ ਕਿਹਾ, “ਕਾਨੂੰਨ ਆਪਣੇ ਹੱਥ ਵਿੱਚ ਲੈਣ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ। ਜੇਲ੍ਹਾਂ ਦੀ ਸੁਰੱਖਿਆ ਅਤੇ ਜਨਤਕ ਸ਼ਾਂਤੀ ਸਾਡੀ ਸਭ ਤੋਂ ਵੱਡੀ ਤਰਜੀਹ ਹੈ।”

# ਬਰਤਾਨਵੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਟਰੰਪ ਨੂੰ ਯੂ.ਕੇ. ਤੇ ਹੋਰ ਨਾਟੋ ਸਹਿਯੋਗੀਆਂ ਦੇ ਯੋਗਦਾਨ ਦੀ ਕਰਵਾਈ ਯਾਦਦਿਹਾਨੀ

**ਲੰਡਨ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬਰਤਾਨੀਆ ਦੇ ਸੰਸਦ ਮੈਂਬਰ ਅਤੇ ਲੇਬਰ ਪਾਰਟੀ ਦੇ ਪ੍ਰਮੁੱਖ ਆਗੂ ਤਨਮਨਜੀਤ ਸਿੰਘ ਢੇਸੀ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਨਾਟੋ ਸਹਿਯੋਗੀ ਦੇਸ਼ਾਂ ਦੇ ਯੋਗਦਾਨ ’ਤੇ ਕੀਤੀਆਂ ਟਿੱਪਣੀਆਂ ਦੇ ਜਵਾਬ ਵਿੱਚ ਯੂਨਾਈਟਡ ਕਿੰਗਡਮ ਅਤੇ ਹੋਰ ਨਾਟੋ ਸਹਿਯੋਗੀਆਂ ਦੀ ਭੂਮਿਕਾ ਨੂੰ ਸਪਸ਼ਟ ਤੌਰ ’ਤੇ ਚੇਤੇ ਕਰਵਾਇਆ ਹੈ। ਐੱਮਪੀ ਢੇਸੀ ਨੇ ਕਿਹਾ ਕਿ ਨਾਟੋ ਸਿਰਫ਼ ਇੱਕ ਸੈਨਿਕ ਗਠਜੋੜ ਨਹੀਂ, ਸਗੋਂ ਸਾਂਝੀ ਸੁਰੱਖਿਆ, ਆਪਸੀ ਭਰੋਸੇ ਅਤੇ ਜ਼ਿੰਮੇਵਾਰੀ ’ਤੇ ਆਧਾਰਿਤ ਇਕ ਅੰਤਰਰਾਸ਼ਟਰੀ ਸਾਂਝ ਹੈ, ਜਿਸ ਵਿੱਚ ਯੂ.ਕੇ. ਅਤੇ ਹੋਰ ਯੂਰਪੀ ਦੇਸ਼ਾਂ ਨੇ ਸਾਲਾਂ ਤੋਂ ਨਿਰੰਤਰ ਅਤੇ ਗੰਭੀਰ ਯੋਗਦਾਨ ਦਿੱਤਾ ਹੈ।



**ਨਾਟੋ ਮਿਸ਼ਨਾਂ ’ਚ ਯੂ.ਕੇ. ਦੀ ਅਹਿਮ ਭੂਮਿਕਾ**-ਤਨਮਨਜੀਤ ਸਿੰਘ ਢੇਸੀ ਨੇ ਯਾਦ ਦਿਵਾਇਆ ਕਿ ਅਫਗਾਨਿਸਤਾਨ, ਇਰਾਕ, ਕੋਸੋਵੋ ਅਤੇ ਹੋਰ ਅੰਤਰਰਾਸ਼ਟਰੀ ਨਾਟੋ ਮਿਸ਼ਨਾਂ ਦੌਰਾਨ ਬਰਤਾਨਵੀ ਫੌਜੀਆਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸੈਂਕੜੇ ਬਰਤਾਨਵੀ ਸੈਨਿਕ ਆਪਣੀਆਂ ਜਾਨਾਂ ਗੁਆ ਬੈਠੇ, ਜਦਕਿ ਹਜ਼ਾਰਾਂ ਜ਼ਖ਼ਮੀ ਹੋਏ—ਇਹ ਸਾਰੀਆਂ ਕੁਰਬਾਨੀਆਂ ਗਲੋਬਲ ਸੁਰੱਖਿਆ ਅਤੇ ਸਥਿਰਤਾ ਲਈ ਦਿੱਤੀਆਂ ਗਈਆਂ। ਉਨ੍ਹਾਂ ਇਹ ਵੀ ਜ਼ੋਰ ਦਿੱਤਾ ਕਿ ਯੂ.ਕੇ. ਸਿਰਫ਼ ਸੈਨਿਕ ਤੌਰ ’ਤੇ ਹੀ ਨਹੀਂ, ਸਗੋਂ ਵਿੱਤੀ ਅਤੇ ਰਣਨੀਤਕ ਪੱਧਰ ’ਤੇ ਵੀ ਨਾਟੋ ਦਾ ਇੱਕ ਮੁੱਖ ਸਤੰਭ ਹੈ।

**ਰੱਖਿਆ ਖਰਚ ਤੇ ਵਚਨਬੱਧਤਾ**-ਐੱਮਪੀ ਢੇਸੀ ਨੇ ਦੱਸਿਆ ਕਿ ਯੂਨਾਈਟਡ ਕਿੰਗਡਮ ਉਹਨਾਂ ਗਿਣਤੀ ਦੇ ਨਾਟੋ ਦੇਸ਼ਾਂ ਵਿੱਚ ਸ਼ਾਮਲ ਹੈ ਜੋ ਲਗਾਤਾਰ ਨਾਟੋ ਵੱਲੋਂ ਨਿਰਧਾਰਤ GDP ਦਾ ਘੱਟੋ-ਘੱਟ 2 ਫ਼ੀਸਦੀ ਰੱਖਿਆ ਖਰਚ ਟੀਚਾ ਪੂਰਾ ਕਰਦਾ ਆ ਰਿਹਾ ਹੈ। ਇਸ ਦੇ ਨਾਲ ਹੀ ਕਈ ਹੋਰ ਯੂਰਪੀ ਦੇਸ਼ ਵੀ ਆਪਣੇ ਰੱਖਿਆ ਖਰਚੇ ਵਿੱਚ ਵਾਧਾ ਕਰ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਉਨ੍ਹਾਂ ਕਿਹਾ, “ਨਾਟੋ ਦੀ ਤਾਕਤ ਇਸਦੀ ਏਕਤਾ ਵਿੱਚ ਹੈ। ਯੂ.ਕੇ. ਅਤੇ ਹੋਰ ਸਹਿਯੋਗੀ ਦੇਸ਼ਾਂ ਨੇ ਨਾ ਸਿਰਫ਼ ਪੈਸੇ, ਸਗੋਂ ਮਨੁੱਖੀ ਜਾਨਾਂ, ਸਾਲਾਂ ਦੀ ਸੇਵਾ ਅਤੇ ਲੰਬੇ ਸਮੇਂ ਦੀ ਸੁਰੱਖਿਆ ਵਚਨਬੱਧਤਾ ਰਾਹੀਂ ਆਪਣਾ ਯੋਗਦਾਨ ਦਿੱਤਾ ਹੈ।”

**ਟਰੰਪ ਦੀਆਂ ਟਿੱਪਣੀਆਂ ਦੇ ਪਿੱਛੋਕੜ ਵਿੱਚ ਬਿਆਨ**-ਰਾਜਨੀਤਿਕ ਵਿਸ਼ਲੇਸ਼ਕਾਂ ਅਨੁਸਾਰ, ਐੱਮਪੀ ਢੇਸੀ ਦਾ ਇਹ ਬਿਆਨ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਡੋਨਾਲਡ ਟਰੰਪ ਵੱਲੋਂ ਮੁੜ ਨਾਟੋ ਸਹਿਯੋਗੀ ਦੇਸ਼ਾਂ ’ਤੇ ਘੱਟ ਯੋਗਦਾਨ ਦੇ ਦੋਸ਼ ਲਗਾਏ ਜਾ ਰਹੇ ਹਨ। ਢੇਸੀ ਨੇ ਇਨ੍ਹਾਂ ਦਾਅਵਿਆਂ ਨੂੰ ਤੱਥਾਂ ਦੇ ਆਧਾਰ ’ਤੇ ਚੁਣੌਤੀ ਦਿੰਦਿਆਂ ਕਿਹਾ ਕਿ ਨਾਟੋ ਦੀ ਸਫਲਤਾ ਸਾਂਝੀ ਕੁਰਬਾਨੀ ਅਤੇ ਭਰੋਸੇ ’ਤੇ ਨਿਰਭਰ ਕਰਦੀ ਹੈ, ਨਾ ਕਿ ਇਕੱਲੇ ਕਿਸੇ ਦੇਸ਼ ਦੇ ਦਬਾਅ ’ਤੇ। ਐੱਮਪੀ ਢੇਸੀ ਨੇ ਅੰਤ ਵਿੱਚ ਕਿਹਾ ਕਿ ਅਮਰੀਕਾ ਅਤੇ ਯੂਰਪ ਦੇ ਰਿਸ਼ਤੇ ਪਰਸਪਰ ਆਦਰ ਅਤੇ ਤੱਥਾਂ ’ਤੇ ਅਧਾਰਿਤ ਹੋਣੇ ਚਾਹੀਦੇ ਹਨ ਅਤੇ ਨਾਟੋ ਦੀ ਏਕਤਾ ਨੂੰ ਕਮਜ਼ੋਰ ਕਰਨ ਵਾਲੀ ਬਿਆਨਬਾਜ਼ੀ ਤੋਂ ਬਚਣਾ ਜ਼ਰੂਰੀ ਹੈ।

# ਜੈਪੁਰ ਏਅਰਪੋਰਟ ‘ਤੇ ਏਅਰ ਇੰਡੀਆ ਦੀ ਫਲਾਈਟ ਨੇ ਪਹਿਲੀ ਲੈਂਡਿੰਗ ਅਸਫਲ ਹੋਣ ਤੋਂ ਬਾਅਦ ਸੁਰੱਖਿਅਤ ਲੈਂਡਿੰਗ ਕੀਤੀ, ਕਾਂਗਰਸ ਦੇ ਸੀਨੀਅਰ ਆਗੂ ਸੁਰੱਖਿਅਤ




**ਜੈਪੁਰ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਸਵੇਰੇ ਏਅਰ ਇੰਡੀਆ ਦੀ ਫਲਾਈਟ 191719, ਜੋ ਦਿੱਲੀ ਤੋਂ ਜੈਪੁਰ ਆ ਰਹੀ ਸੀ, ਨੇ ਜੈਪੁਰ ਏਅਰਪੋਰਟ ‘ਤੇ ਆਪਣੀ ਪਹਿਲੀ ਲੈਂਡਿੰਗ ਕੋਸ਼ਿਸ਼ ਅਸਫਲ ਹੋਣ ਤੋਂ ਬਾਅਦ ਸੁਰੱਖਿਅਤ ਤਰੀਕੇ ਨਾਲ ਦੂਜੀ ਕੋਸ਼ਿਸ਼ ‘ਤੇ ਜ਼ਮੀਨ ‘ਤੇ ਲੈਂਡ ਕੀਤਾ। ਫਲਾਈਟ ‘ਤੇ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਵੀ ਸਵਾਰ ਸਨ। ਸੂਤਰਾਂ ਅਨੁਸਾਰ, ਫਲਾਈਟ ਨੇ ਪਹਿਲੀ ਲੈਂਡਿੰਗ ਦੌਰਾਨ ਅਸਥਿਰ ਐਪ੍ਰੋਚ ਦੇ ਕਾਰਨ ਗੋ-ਅਰਾਉਂਡ ਕੀਤੀ। ਇਸ ਦੌਰਾਨ ਪਾਇਲਟ ਨੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਫਲਾਈਟ ਨੂੰ ਮੁੜ ਹਵਾ ਵਿੱਚ ਚੱਕਰ ਲਗਾਉਣ ਲਈ ਭੇਜਿਆ ਅਤੇ ਤਕਰੀਬਨ 10 ਮਿੰਟਾਂ ਬਾਅਦ ਸੁਰੱਖਿਅਤ ਤਰੀਕੇ ਨਾਲ ਲੈਂਡ ਕੀਤਾ। ਏਅਰ ਇੰਡੀਆ ਦੇ ਪ੍ਰਬੰਧਕ ਨੇ ਕਿਹਾ, “ਪਾਇਲਟ ਦੀ ਫਲਾਈਟ ਮੈਨੇਜਮੈਂਟ ਸਮਰੱਥਾ ਅਤੇ ਤੁਰੰਤ ਗੋ-ਅਰਾਉਂਡ ਫੈਸਲਾ ਸਾਰੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਮਦਦਗਾਰ ਸਾਬਤ ਹੋਇਆ। ਸਾਰੇ ਯਾਤਰੀ ਅਤੇ ??ੂ? ਮੈਂਬਰ ਸੁਰੱਖਿਅਤ ਹਨ।” ਫਲਾਈਟ ‘ਤੇ ਮੌਜੂਦ ਯਾਤਰੀਆਂ ਨੇ ਵੀ ਕਿਹਾ ਕਿ ਉਹ ਘਟਨਾ ਦੌਰਾਨ ਥੋੜ੍ਹਾ ਡਰੇ ਪਰ ਸਭ ਕੁਝ ਸ਼ਾਂਤੀ ਨਾਲ ਸਮਾਪਤ ਹੋਇਆ। ਕਾਂਗਰਸ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਮੀਡੀਆ ਨੂੰ ਦੱਸਿਆ, “ਸਾਰੇ ਯਾਤਰੀ ਸੁਰੱਖਿਅਤ ਹਨ। ਹਵਾਈ ਜਹਾਜ਼ ਦੀ ਸੁਰੱਖਿਆ ਅਤੇ ਪਾਇਲਟ ਦੀ ਮਹਾਨ ਸਾਵਧਾਨੀ ਲਈ ਧੰਨਵਾਦ।” ਇਸ ਘਟਨਾ ਨਾਲ ਸਪੱਸ਼ਟ ਹੋਇਆ ਹੈ ਕਿ ਹਵਾਈ ਯਾਤਰਾ ਦੌਰਾਨ ਅਸਥਿਰਤਾ ਜਾਂ ਅਕਸਮਾਤ ਸਥਿਤੀਆਂ ਆ ਸਕਦੀਆਂ ਹਨ, ਪਰ ਤਜਰਬੇਕਾਰ ਪਾਇਲਟਾਂ ਦੀ ਸੁਰੱਖਿਆ ਪ੍ਰਕਿਰਿਆ ਸਾਰੀਆਂ ਯਾਤਰੀਆਂ ਨੂੰ ਸੁਰੱਖਿਅਤ ਰੱਖਣ ਲਈ ਤਿਆਰ ਹੈ।


ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਦਮਦਮੀ ਟਕਸਾਲ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ

# ਮਹਾਰਾਸ਼ਟਰ ਦੇ ਡਿਪਟੀ ਮੁੱਖ ਮੰਤਰੀ ਸ਼੍ਰੀ ਅਜਿਤ ਪਵਾਰ ਦੇ ਦਿਹਾਂਤ 'ਤੇ ਪ੍ਰਗਟਾਇਆ ਦੁੱਖ








**ਅੰਮ੍ਰਿਤਸਰ, 28 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)** -ਮਹਾਰਾਸ਼ਟਰ ਦੇ ਬਾਰਾਮਤੀ ਵਿਖੇ ਲੈਂਡਿੰਗ ਦੌਰਾਨ ਮਹਾਂਰਾਸ਼ਟਰ ਦੇ ਉਪ ਮੁੱਖ ਮੁਖ ਮੰਤਰੀ ਸ਼੍ਰੀ ਅਜਿਤ ਪਵਾਰ ਜੀ ਦਾ ਜਹਾਜ਼ ਕ੍ਰੈਸ਼ ਹੋ ਗਿਆ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਸ਼੍ਰੀ ਅਜਿਤ ਪਵਾਰ ਦੀ ਮੌਤ 'ਤੇ ਦਮਦਮੀ ਟਕਸਾਲ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਐੱਨ. ਸੀ. ਪੀ. ਦੇ ਮੁਖੀ ਅਜਿਤ ਪਵਾਰ ਦੇ ਬਾਰਾਮਤੀ ਨੇੜੇ ਇਕ ਜਹਾਜ਼ ਹਾਦਸੇ ਦੌਰਾਨ ਹੋਏ ਦਿਹਾਂਤ ਦੀ ਦੁਖਦਾਈ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ ਡਿਪਟੀ ਸੀ ਐੱਮ ਅਜਿਤ ਪਵਾਰ ਵਲੋਂ ਮਿਤੀ 24,25 ਜਨਵਰੀ ਨੂੰ ਨਾਂਦੇੜ ਵਿਖੇ ਕਰਵਾਏ ਗਏ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਮੌਕੇ ਬਹੁਤ ਵੱਡਾ ਯੋਗਦਾਨ ਰਿਹਾ ਸੀ ਅਤੇ ਸਮਾਗਮ ਵੇਲੇ ਬਾਬਾ ਹਰਨਾਮ ਸਿੰਘ ਖ਼ਾਲਸਾ ਜੀ ਵਲੋਂ ਅਜਿਤ ਪਵਾਰ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ ਇਸ ਦੁੱਖ ਦੀ ਘੜੀ 'ਚ ਸਮੁੱਚੇ ਪਵਾਰ ਪਰਿਵਾਰ, ਉਨ੍ਹਾਂ ਦੇ ਸਮਰਥਕਾਂ ਅਤੇ ਮਹਾਰਾਸ਼ਟਰ ਦੇ ਲੋਕਾਂ ਨਾਲ ਉਹ ਹਮਦਰਦੀ ਪ੍ਰਗਟ ਕਰਦੇ ਹਨ ਬਾਬਾ ਹਰਨਾਮ ਸਿੰਘ ਜੀ ਨੇ ਕਿਹਾ ਕਿ ਗੁਰੂ ਸਾਹਿਬ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਣ ਦੱਸਣਯੋਗ ਹੈ ਕਿ ਸ਼੍ਰੀ ਅਜਿਤ ਪਵਾਰ ਕਿਸੇ ਪ੍ਰੋਗਰਾਮ ਲਈ ਬਾਰਾਮਤੀ ਜਾ ਰਹੇ ਸਨ। ਇਸ ਦੌਰਾਨ ਉਨ੍ਹਾਂ ਦਾ ਜਹਾਜ਼ ਕ੍ਰੈਸ਼ ਹੋ ਗਿਆ ਅਤੇ ਅਜਿਤ ਪਵਾਰ ਸਣੇ ਪੰਜ ਲੋਕਾਂ ਦੀ ਮੌਤ ਹੋ ਗਈ।

### ਪੰਥਕ ਏਕਤਾ ਵੱਲ ਕਦਮ: ਇੰਟਰਨੈਸ਼ਨਲ ਪੰਥਕ ਦਲ ਦੀ ਅਹਿਮ ਮੀਟਿੰਗ

# ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਦੀ ਅਗਵਾਈ ਹੇਠ ਹੋਈ



**ਜਲੰਧਰ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਥਕ ਏਕਤਾ ਲਈ ਭਵਿੱਖੀ ਰਣਨੀਤੀ ਅਤੇ ਵੱਖ-ਵੱਖ ਪੰਥਕ ਧਿਰਾਂ ਵਿਚਾਲੇ ਸਾਂਝ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੰਟਰਨੈਸ਼ਨਲ ਪੰਥਕ ਦਲ ਦੇ ਸੀਨੀਅਰ ਆਗੂਆਂ ਦੀ ਇਕ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਇਹ ਅਹਿਮ ਬੈਠਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਦੀ ਯੋਗ ਅਗਵਾਈ ਹੇਠ ਕੀਤੀ ਗਈ।

ਮੀਟਿੰਗ ਦੌਰਾਨ ਪੰਥ ਸਾਹਮਣੇ ਮੌਜੂਦਾ ਸਮੇਂ ਦੀਆਂ ਚੁਣੌਤੀਆਂ, ਸਿੱਖ ਕੌਮ ਦੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਥਿਤੀ, ਅਤੇ ਭਵਿੱਖ ਵਿੱਚ ਇਕਜੁੱਟ ਹੋ ਕੇ ਚੱਲਣ ਦੀ ਲੋੜ 'ਤੇ ਵਿਸਤਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਵੱਖ-ਵੱਖ ਖੇਤਰਾਂ ਤੋਂ ਸ਼ਾਮਲ ਹੋਏ ਸੀਨੀਅਰ ਆਗੂਆਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਜ਼ੋਰ ਦਿੱਤਾ ਕਿ ਸਮਾਂ ਦੀ ਮੰਗ ਹੈ ਕਿ ਪੰਥਕ ਧਿਰਾਂ ਨਿੱਜੀ ਅੰਤਰਾਂ ਤੋਂ ਉੱਪਰ ਉੱਠ ਕੇ ਪੰਥਕ ਏਕਤਾ ਨੂੰ ਮਜ਼ਬੂਤ ਕਰਨ।

**ਪੰਥ ਦੀ ਤਾਕਤ ਉਸਦੀ ਏਕਤਾ ਵਿੱਚ ਹੈ, ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਪੰਥਕ ਸੋਚ ਵਾਲੇ ਵਿਅਕਤੀਆਂ ਨੂੰ ਸਾਂਝੇ ਮੰਚ 'ਤੇ ਆਉਣ : ਸਿੰਘ ਸਾਹਿਬ**

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਥ ਦੀ ਤਾਕਤ ਉਸਦੀ ਏਕਤਾ ਵਿੱਚ ਹੈ। ਉਨ੍ਹਾਂ ਨੇ ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਪੰਥਕ ਸੋਚ ਵਾਲੇ ਵਿਅਕਤੀਆਂ ਨੂੰ ਸਾਂਝੇ ਮੰਚ 'ਤੇ ਆਉਣ ਦੀ ਅਪੀਲ ਕੀਤੀ, ਤਾਂ ਜੋ ਗੁਰਮਤਿ ਅਸੂਲਾਂ ਅਨੁਸਾਰ ਕੌਮ ਨੂੰ ਦਰਪੇਸ਼ ਮੁੱਦਿਆਂ ਦਾ ਹੱਲ ਲੱਭਿਆ ਜਾ ਸਕੇ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਨੌਜਵਾਨ ਪੀੜ੍ਹੀ ਨੂੰ ਪੰਥਕ ਇਤਿਹਾਸ, ਮਰਯਾਦਾ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ।

ਮੀਟਿੰਗ ਵਿੱਚ ਸ਼ਾਮਲ ਆਗੂਆਂ ਨੇ ਸਾਂਝੀ ਰਣਨੀਤੀ ਬਣਾਉਣ, ਪੰਥਕ ਮਸਲਿਆਂ 'ਤੇ ਇਕਜੁੱਟ ਰੁਖ ਅਪਣਾਉਣ ਅਤੇ ਗੁਰੂ ਸਾਹਿਬ ਦੀ ਬਖ਼ਸ਼ੀ ਏਕਤਾ ਦੀ ਭਾਵਨਾ ਨੂੰ ਅੱਗੇ ਵਧਾਉਣ ਲਈ ਲਗਾਤਾਰ ਸਲਾਹ-ਮਸ਼ਵਰਾ ਜਾਰੀ ਰੱਖਣ 'ਤੇ ਸਹਿਮਤੀ ਜਤਾਈ। ਇਹ ਵੀ ਨਿਰਣੇ ਲਿਆ ਗਿਆ ਕਿ ਭਵਿੱਖ ਵਿੱਚ ਹੋਰ ਮੀਟਿੰਗਾਂ ਕਰਕੇ ਪੰਥਕ ਵਰਗਾਂ, ਵਿਦਵਾਨਾਂ ਅਤੇ ਜ਼ਿੰਮੇਵਾਰ ਸਿੱਖ ਆਗੂਆਂ ਨੂੰ ਨਾਲ ਜੋੜਿਆ ਜਾਵੇਗਾ।

ਵੱਖ-ਵੱਖ ਪੰਥ ਦਰਦੀਆਂ ਅਤੇ ਸੂਝਵਾਨ ਸਿੱਖ ਆਗੂਆਂ ਵੱਲੋਂ ਵੀ ਸਿੰਘ ਸਾਹਿਬ ਜਸਵੀਰ ਸਿੰਘ ਰੋਡੇ ਨਾਲ ਸੰਪਰਕ ਕਰਕੇ ਬੇਨਤੀ ਕੀਤੀ ਗਈ ਕਿ ਉਹ ਪੰਥ ਨੂੰ ਇਕ ਮੰਚ 'ਤੇ ਲਿਆਂਦਾ ਜਾਣ ਵਿੱਚ ਅਗਵਾਈ ਕਰਨ। ਉਨ੍ਹਾਂ ਦਾ ਮੰਨਣਾ ਹੈ ਕਿ ਮੌਜੂਦਾ ਹਾਲਾਤਾਂ ਵਿੱਚ ਇਕਜੁੱਟ ਅਤੇ ਸੂਝਬੂਝ ਭਰੀ ਅਗਵਾਈ ਦੀ ਲੋੜ ਹੈ, ਜੋ ਪੰਥ ਨੂੰ ਸਹੀ ਦਿਸ਼ਾ ਦੇ ਸਕੇ।


ਇਹ ਮੀਟਿੰਗ ਪੰਥਕ ਏਕਤਾ ਵੱਲ ਇਕ ਮਹੱਤਵਪੂਰਨ ਕਦਮ ਵਜੋਂ ਦੇਖੀ ਜਾ ਰਹੀ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸਿੱਖ ਕੌਮ ਦੀ ਸਾਂਝੀ ਆਵਾਜ਼ ਹੋਰ ਮਜ਼ਬੂਤ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

# ਬਾਦਲ ਨੇ ਕਾਤਰੋਂ ਨੂੰ ਦਿੱਤਾ ਥਾਪੜਾ, ਕਿਹਾ ਧੂਰੀ ਤੋਂ ਐਮ ਐਲ ਏ ਬਣ ਕੇ ਆਓ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਧੂਰੀ ਤੋਂ ਸੇਵਾਦਾਰ ਰਣਜੀਤ ਸਿੰਘ ਕਾਤਰੋਂ ਨੇ ਆਪਣੇ ਹਲਕੇ ਦੇ ਸਮੂਹ ਅਕਾਲੀ ਆਗੂਆਂ ਨਾਲ ਪਿੰਡ ਬਾਦਲ ਵਿਖੇ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ । ਇਸ ਮੌਕੇ ਉਹਨਾਂ ਨੇ ਸ. ਸੁਖਬੀਰ ਸਿੰਘ ਬਾਦਲ ਨੂੰ ਹਲਕਾ ਧੂਰੀ 'ਚ ਚੱਲ ਰਹੀਆਂ ਪਾਰਟੀ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਵੱਡੀ ਗਿਣਤੀ ਵਿੱਚ ਹਲਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਨੂੰ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਵਾਇਆ ।ਸ.ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਿੱਚ ਸ਼ਾਮਲ ਹੋਏ ਸਮੂਹ ਲੋਕਾਂ ਦਾ ਸੁਆਗਤ ਕੀਤਾ ਅਤੇ ਪਾਰਟੀ ਵੱਲੋਂ ਸਭ ਨੂੰ ਪੂਰਾ ਮਾਣ ਸਤਿਕਾਰ ਮਿਲਣ ਦਾ ਭਰੋਸਾ ਦਿੱਤਾ ਅਤੇ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੂੰ ਕਿਹਾ ਕਿ ਤੁਸੀਂ ਮੇਹਨਤ ਕਰੋ ਧੂਰੀ ਤੋਂ ਐਮ ਐਲ ਏ ਬਣ ਕੇ ਆਓ । ਇਸ ਮੌਕੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਭਰ ਵਿੱਚੋਂ ਲੋਕ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸ਼ਾਮਲ ਹੋ ਰਹੇ ਹਨ, ਇਹ ਵਾਪਸੀ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੇ ਲੋਕ ਸਮਝ ਚੁੱਕੇ ਹਨ ਕਿ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਪੰਜਾਬ ਦਾ ਭਲਾ ਹੋਰ ਕੋਈ ਪਾਰਟੀ ਨਹੀਂ ਕਰ ਸਕਦੀ । ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਨੂੰ ਮੁੜ ਤਰੱਕੀ ਅਤੇ ਖੁਸ਼ਹਾਲੀ ਵਾਲੀ ਲੀਹ 'ਤੇ ਤੋਰ ਸਕਦਾ ਹੈ ।

## ਸੁਪਨੇ ਵਿੱਚ ਹੀ ਆ ਸੱਜਣਾ



ਕਦੇ ਸੁਪਨੇ ਵਿੱਚ ਹੀ ਆ ਸੱਜਣਾ ,
ਅਸੀਂ ਭੇਦ ਦਿਲਾਂ ਦੇ ਖੋਲ੍ਹਾਂ ਗੇ,
ਜੋ ਦਿਲ ਦੀ ਡਾਇਰੀ ਬੰਦ ਪਈ ,
ਬਹਿ ਇੱਕ ਇੱਕ ਵਰਕਾ ਫੋਲ੍ਹਾਂ ਗੇ,
ਕਦੇ ਸੁਪਨੇ ਵਿੱਚ ਹੀ ਆ ਸੱਜਣਾ,
ਅਸੀਂ ਭੇਦ ਦਿਲਾਂ ਦੇ ਖੋਲ੍ਹਾਂ ਗੇ ........

ਤੂੰ ਮੂਹਰੇ ਬਹਿ ਕੇ ਹੱਸਦਾ ਰਹੀਂ ,
ਅਸੀਂ ਪਲ਼ ਖੁਸ਼ੀਆਂ ਦੇ ਟੋਲ੍ਹਾਂ ਗੇ,
ਉਹਨਾਂ ਯਾਦਾਂ ਵਿੱਚੋਂ ਪਲ਼ ਲੈ ਕੇ ,
ਖੁਸ਼ੀਆਂ ਦੇ ਹਾਰ ਪਰੋ ਲਾਂ ਗੇ,
ਕਦੇ ਸੁਪਨੇ ਵਿੱਚ ਹੀ ਆ ਸੱਜਣਾ,
ਅਸੀਂ ਭੇਦ ਦਿਲਾਂ ਦੇ ਖੋਲ੍ਹਾਂ ਗੇ........

ਸੱਜਣਾ ਵੇ ਤੇਰੀ ਯਾਰੀ ਨੂੰ ,
ਅਸੀਂ ਸਾਹਾਂ ਦੇ ਨਾਲ ਤੋਲਾਂ ਗੇ,
ਤੇਰੀ ਯਾਰੀ ਸੁੱਚੇ ਕੱਚ ਵਰਗੀ ,
ਤੂੰ ਇਹ ਨਾ ਸੋਚੀਂ ਰੋਲਾਂ ਗੇ,
ਕਦੇ ਸੁਪਨੇ ਵਿੱਚ ਹੀ ਆ ਸੱਜਣਾ ,
ਅਸੀਂ ਭੇਦ ਦਿਲਾਂ ਦੇ ਖੋਲ੍ਹਾਂ ਗੇ........

ਏਦਾਂ ਹੀ ਫ਼ਰਜ਼ ਨਿਭਾਈ ਜਾਹ ,
ਤੇਰੀ ਕਸਮ ਕਦੇ ਨਾ ਡੋਲਾਂ ਗੇ,
ਜੋ ਪੰਡ ਚੁਕਾਈ ਫ਼ਰਜ਼ਾਂ ਦੀ ,
ਤੂੰ ਸਾਥ ਦੇਵੇਂ ਤਾਂ ਢੋਹ ਲਾਂ ਗੇ,
ਕਦੇ ਸੁਪਨੇ ਵਿੱਚ ਹੀ ਆ ਸੱਜਣਾ ,
ਅਸੀਂ ਭੇਦ ਦਿਲਾਂ ਦੇ ਖੋਲ੍ਹਾਂ ਗੇ ........

ਰੌਣਕ ਤੂੰ ਦਿਲ ਵਿੱਚ ਪਾ ਫ਼ੇਰਾ ,
ਅਸੀਂ ਤੇਲ ਦਰਾਂ ਤੇ ਚੋਅ ਲਾਂ ਗੇ,
ਸਾਡਾ ਹੋਰ ਵਿਗਾੜੂ ਕੀ ਜ਼ਿੰਦਗੀ ,
ਜ਼ਿੰਦਗੀ ਨਾ ਦੋ ਹੱਥ ਹੋ ਲਾਂ ਗੇ,
ਕਦੇ ਸੁਪਨੇ ਵਿੱਚ ਹੀ ਹੀ ਆ ਸੱਜਣਾ ,
ਅਸੀਂ ਭੇਦ ਦਿਲਾਂ ਦੇ ਖੋਲ੍ਹਾਂ ਗੇ......

-ਇੰਦਰਜੀਤ ਕੌਰ ਵਡਾਲਾ

ਅਖੰਡ ਕੀਰਤਨੀ ਜੱਥਾ ਇੰਦੌਰ ਵਲੋਂ

# ਗੁਰੂ ਤੇਗ ਬਹਾਦਰ ਸਾਹਿਬ 'ਤੇ ਉਨ੍ਹਾਂ ਦੇ ਅੰਨਿਨ ਸਿੱਖ ਦੀ ਯਾਦ ਵਿਚ ਅਖੰਡ ਕੀਰਤਨ ਸਮਾਗਮ









**ਨਵੀਂ ਦਿੱਲੀ, 28 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਭਾਈ ਸਾਹਿਬ ਭਾਈ ਰਣਧੀਰ ਸਿੰਘ ਦੁਆਰਾ 1903 ਵਿਚ ਸਥਾਪਿਤ ਅਖੰਡ ਕੀਰਤਨੀ ਜਥੇ ਵਲੋਂ ਇੰਦੌਰ ਵਿਚ 22 ਤੋਂ 26 ਜਨਵਰੀ ਤੱਕ ਸਾਲਾਨਾ ਅਖੰਡ ਕੀਰਤਨ ਸਮਾਗਮ ਗੁਰੂ ਤੇਗ ਬਹਾਦਰ ਸਾਹਿਬ 'ਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਏ ਅੰਨਿਨ ਸਿੱਖ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਯਾਦ ਨੂੰ ਸਮਰਪਿਤ ਕਰਦਿਆਂ ਕਰਵਾਇਆ ਗਿਆ । ਇੰਦੌਰ ਦੇ ਵੱਖ-ਵੱਖ ਗੁਰਦੁਆਰਾ ਸਾਹਿਬ ਵਿਚ ਅੱਠ ਕੀਰਤਨ ਦੀਵਾਨ ਸਜਾਏ ਗਏ ਸਨ ਅਤੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਬਖਸ਼ਿਸ਼ ਪ੍ਰਾਪਤ ਧਰਤੀ ਇੰਦੌਰ ਦੇ ਇਤਿਹਾਸਕ ਗੁਰੂਦੁਆਰਾ ਇਮਲੀ ਸਾਹਿਬ ਵਿਚ ਰੈਣ ਸਬਾਈ ਕੀਰਤਨ ਕਰਵਾਇਆ ਗਿਆ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਹ ਜੋੜ ਮੇਲਾ ਅਖੰਡ ਕੀਰਤਨੀ ਜਥਾ ਮੱਧ ਪ੍ਰਦੇਸ਼, ਪ੍ਰਬੰਧਕ ਕਮੇਟੀ ਸ੍ਰੀ ਗੁਰੂ ਸਿੰਘ ਸਭਾ ਇੰਦੌਰ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਜੀ ਮਹਾਰਾਜ ਸੰਤ ਨਗਰ, ਗੁਰਦੁਆਰਾ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨਿਊ ਰਾਣੀ ਬਾਗ, ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ ਪਲਸੀਕਰ ਕਾਲੋਨੀ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਅਮਿਤੇਸ਼ ਨਗਰ, ਗੁਰਦੁਆਰਾ ਗੁਰੂ ਹਰਿਕਿਸ਼ਨ ਸਾਹਿਬ ਜੀ ਸੰਤ ਨਗਰ, ਖਾਲਸਾ ਬਾਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਰਗ, ਗੁਰਦੁਆਰਾ ਕਰਤਾਰ ਕੀਰਤਨ ਸਾਹਿਬ, ਰਾਜਮਹੱਲਾ ਤੇ ਦੇਵਾਸ ਵਿਖੇ ਵਿਸ਼ੇਸ਼ ਕੀਰਤਨੀ ਦਰਬਾਰ ਸਜਾਏ ਗਏ ਸਨ । ਇਸ ਮੌਕੇ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਪ੍ਰਭਾਤ ਫੇਰੀ ਗੁਰੂਦਵਾਰਾ ਖ਼ਾਲਸਾ ਬਾਗ ਤੋਂ ਸਜਾਈ ਗਈ ਸੀ ਜਿਸ ਦੀ ਸਮਾਪਤੀ ਗੁਰਦੁਆਰਾ ਇਮਲੀ ਸਾਹਿਬ ਵਿਖ਼ੇ ਹੋਈ ਸੀ । ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇਵਾਸ (ਮੱਧ ਪ੍ਰਦੇਸ਼), ਗੁਰਦੁਆਰਾ ਕਰਤਾਰ ਕੀਰਤਨ ਸਾਹਿਬ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਹੋਰ ਧਾਰਮਿਕ, ਸਮਾਜਿਕ ਅਤੇ ਵਿਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ ਇਹ ਸਮਾਗਮ ਆਯੋਜਿਤ ਕੀਤੇ ਗਏ ਸਨ । ਅਖੰਡ ਕੀਰਤਨੀ ਜਥਾ ਮੱਧ ਪ੍ਰਦੇਸ਼ ਦੇ ਮੁਖੀ ਰਤਿੰਦਰ ਸਿੰਘ ਨੇ ਦੱਸਿਆ ਕਿ ਏਕੇਜੇ ਇੰਦੌਰ ਵਲੋਂ ਜੱਥੇ ਦੇ ਸਮਾਗਮਾਂ ਵਿਚ ਨਿਸ਼ਕਾਮ ਕੀਰਤਨੀ ਸਿੰਘਾਂ ਨੂੰ ਹੀ ਕੀਰਤਨੀ ਹਾਜ਼ਿਰੀ ਭਰਣ ਦੇਣ ਦਾ ਮੱਤਾ ਪਾਸ ਕੀਤਾ ਗਿਆ ਹੈ ਕਿਉਕਿ ਭਾਈ ਸਾਹਿਬ ਦੇ ਸਮੇਂ ਉਪਰੰਤ ਲੰਮੇ ਸਮੇਂ ਤਕ ਅਖੰਡ ਕੀਰਤਨੀ ਜੱਥੇ ਦੇ ਸਿੰਘ, ਸਿੰਘਣੀ ਅਤੇ ਭੁਜੰਗੀ ਨਿਸ਼ਕਾਮ ਕੀਰਤਨ ਕਰਦੇ ਹੁੰਦੇ ਸਨ ਅਤੇ ਇਹ ਪ੍ਰਥਾ ਗੁਰੂ ਸਾਹਿਬਾਨ ਵਲੋਂ ਸ਼ੁਰੂ ਕੀਤੀ ਗਈ ਸੀ ਇਸਦੇ ਨਾਲ ਹੀ ਲੰਗਰ ਵੀ ਪੁਰਾਤਨ ਮਰਿਆਦਾ ਅਨੁਸਾਰ ਸਾਦਾ ਬਣਾਇਆ ਜਾਇਆ ਕਰੇਗਾ । ਇਥੇ ਦਸਣਯੋਗ ਹੈ ਕਿ ਪੰਜਾਬ ਅਤੇ ਹੋਰ ਰਾਜਾਂ ਤੋਂ ਇੰਦੌਰ ਪੁਜਣ ਅਤੇ ਵਾਪਿਸ ਜਾਣ ਵਾਲੀ ਸੰਗਤਾਂ ਦੇ ਰਾਹ ਲਈ ਲੰਗਰ ਦਾ ਇੰਤਜਾਮ ਦਿੱਲੀ ਅਖੰਡ ਕੀਰਤਨੀ ਜੱਥੇ ਵਲੋਂ ਵਿਸ਼ੇਸ਼ ਤੌਰ ਤੇ ਕੀਤਾ ਗਿਆ ਸੀ ਜਿਸ ਲਈ ਇੰਦੌਰ ਦੇ ਪ੍ਰਬੰਧਕਾਂ ਵਲੋਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

### ਨਿਸ਼ਕਾਮ ਕੀਰਤਨੀਆਂ ਨੂੰ ਕੀਰਤਨੀ ਹਾਜ਼ਿਰੀ ਅਤੇ ਸਾਦਾ ਲੰਗਰ ਦਾ ਮੱਤਾ ਕੀਤਾ ਪਾਸ

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਨੰਗਲਾ ਦੇ ਲਗਭਗ 20 ਪਰਿਵਾਰ ਵੱਖ-ਵੱਖ ਪਾਰਟੀਆਂ ਛੱਡ ਕੇ ਸ੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ



ਤਲਵੰਡੀ ਸਾਬੋ, 28 ਜਨਵਰੀ (ਗੁਰਜੰਟ ਸਿੰਘ ਨਥੇਹਾ)- ਅੱਜ ਤਲਵੰਡੀ ਸਾਬੋ ਹਲਕੇ ਦੇ ਪਿੰਡ ਨੰਗਲਾ ਵਿਖੇ ਲਵਪ੍ਰੀਤ ਸਿੰਘ ਦੇ ਗ੍ਰਹਿ ਵਿਖੇ ਆਯੋਜਿਤ ਇਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨਾਲ ਸੰਬੰਧਿਤ ਲਗਭਗ 20 ਪਰਿਵਾਰ ਸ੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸ੍ਰੀ ਰਵੀਪ੍ਰੀਤ ਸਿੰਘ ਸਿੱਧੂ ਵੱਲੋਂ ਨਵੇਂ ਸ਼ਾਮਲ ਹੋਏ ਪਰਿਵਾਰਾਂ ਨੂੰ ਸਿਰੋਪਾਓ ਭੇਟ ਕਰਕੇ ਪਾਰਟੀ ਵਿੱਚ ਜੀ ਆਇਆਂ ਕਿਹਾ ਗਿਆ। ਸ੍ਰੀ ਸਿੱਧੂ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਸਦਾ ਹੀ ਪੰਜਾਬ, ਪੰਥ ਅਤੇ ਲੋਕਾਂ ਦੇ ਹੱਕਾਂ ਦੀ ਲੜਾਈ ਲੜਦਾ ਆਇਆ ਹੈ ਅਤੇ ਅੱਜ ਲੋਕਾਂ ਦਾ ਵਧਦਾ ਭਰੋਸਾ ਪਾਰਟੀ ਦੀ ਨੀਤੀਆਂ 'ਤੇ ਮੋਹਰ ਲਗਾਉਂਦਾ ਹੈ। ਉਨ੍ਹਾਂ ਨਵੇਂ ਸ਼ਾਮਲ ਹੋਏ ਪਰਿਵਾਰਾਂ ਨੂੰ ਯਕੀਨ ਦਿਵਾਇਆ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ ਅਤੇ ਹਰ ਵਰਕਰ ਦੀ ਕਾਬਲੀਅਤ ਅਨੁਸਾਰ ਉਸਨੂੰ ਜ਼ਿੰਮੇਵਾਰੀ ਸੌਂਪੀ ਜਾਵੇਗੀ। ਇਸ ਮੌਕੇ ਹਾਜ਼ਰ ਆਗੂਆਂ ਅਤੇ ਵਰਕਰਾਂ ਨੇ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਵੀ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਅਬਦੁੱਲਾਪੁਰ (ਚੁਹਾਣੇ ਕਲਾਂ) ਅਤੇ ਧੰਨ ਧੰਨ ਬਾਬੇ ਸਿੰਘ ਸ਼ਹੀਦ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਕਰਵਾਇਆ






ਸੰਗਾਲਾ (ਰਣਜੀਤ ਸਿੰਘ ਪੇਧਨੀ) ਵੱਡੇ ਘੱਲੂਘਾਰੇ ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਪਿੰਡ ਅਬਦੁੱਲਾਪੁਰ (ਚੁਹਾਣੇ ਕਲਾਂ) ਅਤੇ ਧੰਨ ਧੰਨ ਬਾਬੇ ਸਿੰਘ ਸ਼ਹੀਦ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੱਤ ਰੋਜਾ ਮਹਾਨ ਗੁਰਮਤਿ ਸਮਾਗਮ ਇਲਾਕੇ ਦੇ ਸਹਿਯੋਗ ਨਾਲ ਮਨਾਇਆ ਗਿਆ। ਜਿਸ ਵਿੱਚ 22 ਜਨਵਰੀ ਤੋਂ ਲੈ ਕੇ ਅਸਥਾਨ ਤੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ ਹੋਏ ਜਿਨ੍ਹਾਂ ਦੀ ਸਮਾਪਤੀ 28 ਜਨਵਰੀ ਨੂੰ ਹੋਈ ਭੋਗ ਉਪਰੰਤ ਮਹਾਨ ਗੁਰਮਤਿ ਸਮਾਗਮ ਵਿੱਚ ਗਿਆਨੀ ਸੁਲਤਾਨ ਸਿੰਘ ਵਿਸ਼ੇਸ ਤੌਰ 'ਤੇ ਵਿਸ਼ੇਸ਼ ਤੌਰ 'ਤੇ ਸਾਮਿਲ ਹੋਏ। ਇਸ ਮੌਕੇ ਸੰਤ ਬਾਬਾ ਰਾਜਨਦੀਪ ਸਿੰਘ ਅਨੰਦਪੁਰ ਸਾਹਿਬ, ਮਨਦੀਪ ਸਿੰਘ ਖੁਰਦ ਪ੍ਰਧਾਨ ਵਿਰਸਾ ਸੰਭਾਲ ਸਰਦਾਰੀ ਲਹਿਰ, ਭਾਈ ਮਨਜੀਤ ਸਿੰਘ, ਗਿਆਨੀ ਚਰਨਪ੍ਰੀਤ ਸਿੰਘ ਡਾਬਾ ,ਗਿਆਨੀ ਗਗਨਦੀਪ ਸਿੰਘ ਅਤੇ ਸਮੂਹ ਧੰਨ ਧੰਨ ਬਾਬੇ ਸਿੰਘ ਸਹੀਦ ਕਮੇਟੀ ਮੈਬਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪ੍ਰੋ ਓਂਕਾਰ ਸਿੰਘ ਸਿੱਧੂ ਨੇ ਰਿਖੀ ਦਾ ਜੂਸ ਪਿਆ ਕੇ ਭੁੱਖ ਹੜਤਾਲ ਕਰਵਾਈ ਖ਼ਤਮ




**ਧੂਰੀ ( ਰਣਜੀਤ ਸਿੰਘ ਪੇਧਨੀ )**-ਲੰਮੇ ਸਮੇਂ ਤੋਂ ਧੂਰੀ ਦੇ ਰੇਲਵੇ ਫਾਟਕਾਂ ਦਾ ਮਸਲਾ ਬਹੁਤ ਹੀ ਗੰਭੀਰ ਬਣਿਆ ਹੋਇਆ ਹੈ । ਜਿਸ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਰਿਖੀ ਵੱਲੋਂ 25 ਜਨਵਰੀ ਤੋਂ ਲੈ ਕੇ ਭੁੱਖ ਹੜਤਾਲ ਕੀਤੀ ਗਈ ਸੀ। ਰੇਲਵੇ ਫਾਟਕਾਂ ਦੀ ਮੰਗ ਨੂੰ ਲੈ ਕੇ ਉਹ ਭੁੱਖ ਹੜਤਾਲ ਤੇ ਬੈਠੇ ਸਨ। ਧੂਰੀ ਦੀ ਇਸ ਮੰਗ ਨੂੰ ਪਹਿਲ ਕਦਮੀ ਨਾਲ ਦੇਖਦਿਆਂ ਹੋਇਆਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ, ਹਲਕਾ ਧੂਰੀ ਦੇ ਉੱਘੇ ਸਮਾਜ ਸੇਵੀ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਵਿਡਿਓ ਕਾਲ ਕਰਕੇ ਮਸਲੇ ਦਾ ਹੱਲ ਕਰਨ ਲਈ ਕਿਹਾ ਰੇਲਵੇ ਮੰਤਰੀ ਬਿੱਟੂ ਨੇ ਭਰੋਸਾ ਦਿੱਤਾ ਕਿ ਉਹ ਧੂਰੀ ਰੇਲਵੇ ਫਾਟਕਾਂਦੇ ਮਸਲੇ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਵਾ ਕੇ ਜਲਦੀ ਕੰਮ ਸ਼ੁਰੂ ਕਰਵਾਉਣਗੇ । ਇਸ ਮੌਕੇ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਉਹ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕਰਦੇ ਹਨ ਜਿਨਾਂ ਨੇ ਧੂਰੀ ਦੀ ਇਸ ਸਮੱਸਿਆ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਅਤੇ ਉਚੇਚਾ ਧੰਨਵਾਦ ਕੀਤਾ ਜਸਵਿੰਦਰ ਸਿੰਘ ਰਿਖੀ ਦਾ ਜਿਨਾਂ ਨੇ ਇਲਾਕੇ ਦੀ ਮੰਗ ਨੂੰ ਦੇਖਦਿਆਂ ਹੋਇਆਂ ਭੁੱਖ ਹੜਤਾਲ ਕੀਤੀ ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਲਈ ਬਹੁਤ ਵੱਡੇ ਪ੍ਰੋਜੈਕਟ ਲੈ ਕੇ ਆ ਰਹੀ ਹੈ। ਜਿਨਾਂ ਨੂੰ ਦੇਖਦਿਆਂ ਹੋਇਆਂ ਪੰਜਾਬ ਦੀ ਸਿਆਸਤ ਦੇ ਵਿੱਚ ਆਉਣ ਵਾਲੇ ਸਮੇਂ ਚ ਵੱਡਾ ਬਦਲਾ ਆ ਰਿਹਾ ਹੈ। ਇਸ ਮੌਕੇ ਬੀਜੇਪੀ ਦੇ ਸੀਨੀਅਰ ਆਗੂ ਵਿੱਕੀ ਪਰੋਚਾ, ਬੀਜੇਪੀ ਦੇ ਸੀਨੀਅਰ ਆਗੂ ਭੁਪੇਸ ਜਿੰਦਲ ,ਬੀਜੇਪੀ ਦੇ ਸੀਨੀਅਰ ਆਗੂ ਬਰਜੇਸਵਰ ਗੋਇਲ , ਗੋਪਾਲ ਕ੍ਰਿਸਨ ਨੀਲੂ ਮਿੱਤਲ, ਜਗਦੇਵ ਜਿੰਦਲ ਜੱਗਾ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਹਰਿਆਣਾ ਨੂੰ ਨਹੀਂ ਜਾਣ ਦੇਵੇਗਾ

**ਸ੍ਰੀ ਆਨੰਦਪੁਰ ਸਾਹਿਬ, 28 ਜਨਵਰੀ :** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਸ.ਵਾਈ.ਐਲ. ਨਹਿਰ ਸਬੰਧੀ ਦਿੱਤੇ ਗਏ ਬਿਆਨ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਵੀ ਕੀਮਤ 'ਤੇ ਪੰਜਾਬ ਦਾ ਪਾਣੀ ਹਰਿਆਣਾ ਨੂੰ ਨਹੀਂ ਜਾਣ ਦੇਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਕਹਿਣਾ ਕਿ "ਪਹਿਲਾਂ ਪਾਣੀ ਤੈਅ ਹੋ ਜਾਵੇ, ਫਿਰ ਨਹਿਰ ਵੀ ਬਣਾ ਲਵਾਂਗੇ", ਪੰਜਾਬ ਦੇ ਹਿੱਤਾਂ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ। ਭਾਈ ਚਾਵਲਾ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ ਅਤੇ ਪੰਜਾਬ ਦੇ ਹੱਕਾਂ ਨਾਲ ਸਮਝੌਤਾ ਕਰਨ ਲਈ ਤਿਆਰ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਦੇ ਹੋਏ ਐਸ.ਵਾਈ.ਐਲ. ਨਹਿਰ ਨਾਲ ਸੰਬੰਧਿਤ ਜ਼ਮੀਨਾਂ ਕਿਸਾਨਾਂ ਨੂੰ ਵਾਪਸ ਕਰਕੇ ਉਨ੍ਹਾਂ ਨੂੰ ਮਾਲਿਕ ਬਣਾਇਆ ਸੀ, ਜੋ ਕਿ ਇੱਕ ਇਤਿਹਾਸਕ ਫੈਸਲਾ ਸੀ। ਭਾਈ ਚਾਵਲਾ ਨੇ ਇਹ ਵੀ ਦੋਸ਼ ਲਗਾਇਆ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਸੰਦੀਪ ਪਾਠਕ ਪਹਿਲਾਂ ਹੀ ਹਰਿਆਣਾ ਨੂੰ ਪਾਣੀ ਦੇਣ ਦੀ ਹਮਾਇਤ ਕਰ ਚੁੱਕੇ ਹਨ, ਜਿਸ ਤੋਂ ਸਾਫ਼ ਹੁੰਦਾ ਹੈ ਕਿ 'ਆਪ' ਸਰਕਾਰ ਪੰਜਾਬ ਦੇ ਪਾਣੀਆਂ ਦੀ ਰੱਖਿਆ ਕਰਨ ਵਿੱਚ ਨਾਕਾਮ ਰਹੀ ਹੈ।

### ਪੰਜਾਬ ਯੂਥ ਕਾਂਗਰਸ ਦੀਆਂ ਚੋਣਾਂ ਨੂੰ ਲੈ ਕੇ

# ਸੀਨੀਅਰ ਕਾਂਗਰਸ ਨੇਤਾ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੇ ਵਧਾਈਆਂ ਸਰਗਰਮੀਆਂ









**ਤਲਵੰਡੀ ਸਾਬੋ, 27 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਕਾਂਗਰਸ ਦੇ ਆਲ ਇੰਡੀਆ ਪ੍ਰਧਾਨ ਮਲਿਕ ਅਰਜਨ ਖੜਗੇ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਤੇ ਬਠਿੰਡਾ ਦਿਹਾਤੀ ਦੇ ਜਿਲ੍ਹਾ ਪ੍ਰਧਾਨ ਪ੍ਰੀਤਮ ਸਿੰਘ ਕੋਟਭਾਈ ਦੀ ਅਗਵਾਈ ਹੇਠ ਪੰਜਾਬ ਯੂਥ ਕਾਂਗਰਸ ਚੋਣਾਂ ਨੂੰ ਲੈ ਕੇ ਹਲਕਾ ਤਲਵੰਡੀ ਸਾਬੋ ਦੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੇ ਤਲਵੰਡੀ ਸਾਬੋ ਵਿਖੇ ਯੂਥ ਕਾਂਗਰਸੀ ਨੌਜਵਾਨਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਦੌਰਾਨ ਬਲਾਕ ਪ੍ਰਧਾਨ, ਹਲਕਾ ਪ੍ਰਧਾਨ ਅਤੇ ਜਿਲ੍ਹਾ ਯੂਥ ਕਾਂਗਰਸ ਲਈ ਵੱਖ-ਵੱਖ ਅਹੁਦੇਦਾਰਾਂ ਦੇ ਨਾਵਾਂ 'ਤੇ ਚਰਚਾ ਕੀਤੀ ਗਈ। ਇਸ ਮੌਕੇ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੇ ਦਾਅਵਾ ਕੀਤਾ ਕਿ ਉਹਨਾਂ ਨੂੰ ਆਲ ਇੰਡੀਆ ਕਾਂਗਰਸ ਪ੍ਰਧਾਨ ਮਲਿਕ ਅਰਜਨ ਖੜਗੇ ਅਤੇ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੂਰੀ ਤਰ੍ਹਾਂ ਥਾਪੜਾ ਦਿੱਤਾ ਗਿਆ ਹੈ ਕਿ 2027 ਦੀ ਵਿਧਾਨ ਸਭਾ ਚੋਣਾਂ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੂੰ ਹੀ ਕਾਂਗਰਸ ਪਾਰਟੀ ਲੜਾਏਗੀ ਅਤੇ ਉਨ੍ਹਾਂ ਵੱਲੋਂ ਇਸ ਵਾਰ ਯੂਥ ਕਾਂਗਰਸ ਚੋਣਾਂ ਵਿੱਚ ਵੀ ਵੱਧ ਤੋਂ ਵੱਧ ਉਮੀਦਵਾਰ ਉਨ੍ਹਾਂ ਦੇ ਸਮਰਥਨ ਨਾਲ ਜਿੱਤਣ ਦਾ ਦਾਅਵਾ ਪੇਸ਼ ਕੀਤਾ ਹੈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੇ ਦੱਸਿਆ ਕਿ ਪੰਜਾਬ ਯੂਥ ਕਾਂਗਰਸ ਦੀਆਂ ਚੋਣਾਂ ਲਈ ਉਹਨਾਂ ਵੱਲੋਂ ਬਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਅਹੁਦੇ ਲਈ, ਗੁਰਪ੍ਰੀਤ ਸਿੰਘ ਰਾਮਾ ਮੰਡੀ ਬਲਾਕ ਲਈ, ਮਨਪ੍ਰੀਤ ਸਿੰਘ ਬਲਾਕ ਤਲਵੰਡੀ ਸਾਬੋ ਲਈ, ਬਲਦੀਪ ਸਿੰਘ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਲਈ ਉਮੀਦਵਾਰ ਹੋਣਗੇ। ਇਸ ਮੌਕੇ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੇ ਕਿਹਾ ਕਿ ਹੁਣ ਤੱਕ ਜਿੰਨੇ ਵੀ ਕਾਂਗਰਸ ਪਾਰਟੀ ਦੇ ਤਲਵੰਡੀ ਸਾਬੋ ਤੋਂ ਵਿਧਾਇਕ ਰਹੇ ਆ ਜਾਂ ਹਲਕਾ ਇੰਚਾਰਜ ਰਹੇ ਹਨ ਉਹ ਸਭ ਹਲਕਾ ਤਲਵੰਡੀ ਸਾਬੋ ਤੋਂ ਬਾਹਰ ਦੇ ਸਨ ਪਰ ਉਨ੍ਹਾਂ ਨੂੰ ਲੋਕਲ ਉਮੀਦਵਾਰ ਹੋਣ ਕਰਕੇ ਹਲਕਾ ਤਲਵੰਡੀ ਸਾਬੋ ਦੇ ਲੋਕਾਂ ਦਾ ਪੂਰਾ ਸਮਰਥਨ ਮਿਲ ਰਿਹਾ ਹੈ ਅਤੇ ਲੋਕ ਵੀ ਇਸ ਵਾਰ ਚਾਹੁੰਦੇ ਹਨ ਕਿ ਕਾਂਗਰਸ ਪਾਰਟੀ ਤਲਵੰਡੀ ਸਾਬੋ ਦੇ ਲੋਕਲ ਬੰਦੇ ਨੂੰ ਹੀ ਟਿਕਟ ਦੇਵੇ। ਗਣਤੰਤਰ ਦਿਵਸ ਮੌਕੇ ਮੌੜ ਮੰਡੀ ਵਿਖੇ ਹੋਏ ਸਮਾਗਮ ਦੌਰਾਨ ਵਾਪਰੀ ਘਟਨਾ ਤੇ ਚੁਟਕੀ ਲੈਂਦਿਆਂ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੇ ਆਮ ਆਦਮੀ ਪਾਰਟੀ ਅਤੇ ਮੌਜੂਦਾ ਸਰਕਾਰ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਮੌੜ ਤੋਂ ਐਮਐਲਏ ਦੇ 30 ਲੱਖ ਰੁਪਏ ਵਿੱਚ ਵਿਕਣ ਦੀਆਂ ਖਬਰਾਂ ਨੇ ਸਰਕਾਰ ਦੀ ਨੈਤਿਕਤਾ ਨੂੰ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸੱਤਾ ਦੇ ਨਸ਼ੇ ਵਿੱਚ ਲੋਕਾਂ ਨਾਲ ਧੋਖਾ ਕਰ ਰਹੀ ਹੈ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸਨੂੰ ਕਾਂਗਰਸ ਪਾਰਟੀ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗੀ।

ਇਸ ਮੌਕੇ ਹਰਦੀਪ ਸਿੰਘ ਭਾਗੀਵਾਂਦਰ, ਵਿਕਾਸ ਸ਼ਰਮਾ ਤਲਵੰਡੀ ਸਾਬੋ, ਸ਼ਿਵੰਦਰ ਕੁਮਾਰ ਤਲਵੰਡੀ ਸਾਬੋ, ਰਣਜੀਤ ਕੌਰੇਆਣਾ, ਜਸਵੀਰ ਜੱਸੀ ਭਾਗੀਵਾਂਦਰ, ਤਾਜ ਲਾਲੇਆਣਾ, ਜਸ਼ਮਨ ਗਿੱਲ ਤਲਵੰਡੀ ਸਾਬੋ, ਵਿੱਕੀ ਤਲਵੰਡੀ ਸਾਬੋ, ਵਿਸ਼ਾਲਦੀਪ ਮੁਲਤਾਨੀ, ਸਤਪਾਲ ਤਲਵੰਡੀ ਸਾਬੋ ਹਾਜ਼ਰ ਸਨ।

### ਪੰਥ ਦੇ ਪੁਰਾਤਨ ਇਤਿਹਾਸਕ ਗੁਰੂਘਰਾਂ ਅਤੇ ਨਿਸ਼ਾਨੀਆਂ ਦੀ ਸਾਰ ਸੰਭਾਲ ਸੰਬੰਧੀ

# ਜੱਥੇਦਾਰ ਅਕਾਲ ਤਖਤ ਸਾਹਿਬ ਨੂੰ ਦਿਤਾ ਪੱਤਰ

**ਨਵੀਂ ਦਿੱਲੀ, 28 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):**- ਸਾਹਿਬ ਫਾਊਂਡੇਸ਼ਨ ਦੇ ਪ੍ਰਧਾਨ ਸਰਦਾਰ ਜਤਿੰਦਰ ਸਿੰਘ ਸੋਨੂੰ ਅਤੇ ਜਨਰਲ ਸਕੱਤਰ ਸਰਦਾਰ ਹਰਜੋਤ ਸ਼ਾਹ ਸਿੰਘ ਵਲੋਂ ਜੱਥੇਦਾਰ ਅਕਾਲ ਤਖਤ ਸਾਹਿਬ ਨੂੰ ਪੰਥ ਦੇ ਪੁਰਾਤਨ ਇਤਿਹਾਸਕ ਗੁਰੂ ਘਰਾਂ ਅਤੇ ਨਿਸ਼ਾਨੀਆਂ ਦੀ ਸੰਭਾਲ ਸੰਬੰਧੀ ਇਕ ਪੱਤਰ ਦਿੱਤਾ ਗਿਆ ਹੈ । ਦਿੱਤੇ ਗਏ ਪੱਤਰ ਵਿਚ ਉਨ੍ਹਾਂ ਲਿਖਿਆ ਪੰਥ ਦੇ ਇੱਕ ਗੰਭੀਰ ਅਤੇ ਚਿੰਤਾ ਜਨਕ ਵਿਸ਼ੇ ਸਬੰਧੀ ਬੇਨਤੀ ਕਰ ਰਹੇ ਹੈ। ਪਿਛਲੇ ਕਾਫ਼ੀ ਸਮੇਂ ਤੋਂ ਇਹ ਵੇਖਿਆ ਜਾ ਰਿਹਾ ਹੈ ਕਿ ਸਾਡੇ ਗੁਰੂ ਘਰ ਬਹੁਤ ਹੀ ਸੋਹਣੇ ਅਤੇ ਵਿਸ਼ਾਲ ਤਰੀਕੇ ਨਾਲ ਬਣਾਏ ਜਾ ਰਹੇ ਹਨ, ਜੋ ਕਿ ਇੱਕ ਸਰਾਹਣਯੋਗ ਅਤੇ ਸ਼ਲਾਘਾਯੋਗ ਕਦਮ ਹੈ। ਨਿਸ਼ਿਚਤ ਤੌਰ 'ਤੇ ਜਿਵੇਂ ਸਾਡਾ ਆਪਣਾ ਘਰ ਸੁੰਦਰ ਹੋਣਾ ਚਾਹੀਦਾ ਹੈ, ਓਸੇ ਤਰ੍ਹਾਂ ਗੁਰੂ ਦਾ ਘਰ ਵੀ ਬਹੁਤ ਹੀ ਸੁੰਦਰ ਹੋਣਾ ਚਾਹੀਦਾ ਹੈ। ਪਰ ਇਸ ਦੇ ਨਾਲ-ਨਾਲ ਇਹ ਵੀ ਬੜੀ ਚਿੰਤਾ ਦੀ ਗੱਲ ਹੈ ਕਿ ਕਈ ਥਾਵਾਂ 'ਤੇ ਨਵੀਂ ਉਸਾਰੀ ਦੇ ਨਾਮ 'ਤੇ ਸਾਡੀਆਂ ਪੁਰਾਤਨ ਇਤਿਹਾਸਕ ਨਿਸ਼ਾਨੀਆਂ, ਪੁਰਾਣੀਆਂ ਇਮਾਰਤਾਂ ਅਤੇ ਅਮੂਲਕ ਯਾਦਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਇਹ ਨਿਸ਼ਾਨੀਆਂ ਸਿਰਫ਼ ਇਮਾਰਤਾਂ ਨਹੀਂ ਹਨ, ਸਗੋਂ ਸਾਡੇ ਇਤਿਹਾਸ, ਸਾਕ੍ਹੀ, ਸ਼ਹਾਦਤਾਂ ਅਤੇ ਸਿੱਖ ਪੰਥ ਦੀ ਵਿਰਾਸਤ ਦਾ ਅਟੁੱਟ ਹਿੱਸਾ ਹਨ। ਪੂਰੇ ਸੰਸਾਰ ਵਿੱਚ ਧਰਮ ਹੋਵੇ ਜਾਂ ਦੇਸ਼—ਲੋਕ ਆਪਣੀ ਵਿਰਾਸਤ ਅਤੇ ਇਤਿਹਾਸ ਨੂੰ ਬਚਾਉਣ ਲਈ ਕਰੋੜਾਂ ਰੁਪਏ ਖਰਚ ਕਰਦੇ ਹਨ, ਪਰ ਦੁਖ ਦੀ ਗੱਲ ਹੈ ਕਿ ਅਸੀਂ ਖੁਦ ਆਪਣੀਆਂ ਅਮਾਨਤਾਂ ਨੂੰ ਅਣਜਾਣੇ ਵਿੱਚ ਖਤਮ ਕਰ ਰਹੇ ਹਾਂ। ਨਵੀਆਂ ਇਮਾਰਤਾਂ ਬਣਾਉਣਾ ਚੰਗੀ ਗੱਲ ਹੈ, ਪਰ ਪੁਰਾਤਨ ਇਤਿਹਾਸਕ ਢਾਂਚਿਆਂ ਨੂੰ ਬਿਨਾਂ ਛੇੜਛਾੜ ਕੀਤੇ ਸੰਭਾਲ ਕੇ ਰੱਖਣਾ ਉਸ ਤੋਂ ਵੀ ਵੱਡੀ ਜ਼ਿੰਮੇਵਾਰੀ ਹੈ। ਇਸ ਲਈ ਆਪ ਜੀ ਅੱਗੇ ਬੇਨਤੀ ਹੈ ਕਿ ਅਕਾਲ ਤਖਤ ਸਾਹਿਬ ਤੋਂ ਇੱਕ ਸਪਸ਼ਟ ਹੁਕਮਨਾਮਾ ਜਾਂ ਸੰਦੇਸ਼ ਸੰਸਾਰ ਭਰ ਦੇ ਸਿੱਖਾਂ ਲਈ ਜਾਰੀ ਕੀਤਾ ਜਾਵੇ, ਜਿਸ ਵਿੱਚ ਇਹ ਦਿਸ਼ਾ-ਨਿਰਦੇਸ਼ ਹੋਣ ਕਿ ਜਿੱਥੇ ਵੀ ਪੁਰਾਤਨ ਇਤਿਹਾਸਕ ਗੁਰੂ ਘਰ, ਗੁਰੂ ਥਾਂ ਜਾਂ ਨਿਸ਼ਾਨੀਆਂ ਮੌਜੂਦ ਹਨ, ਉੱਥੇ ਨਵੀਂ ਉਸਾਰੀ ਕੀਤੀ ਜਾਵੇ ਤਾਂ ਕੀਤੀ ਜਾਵੇ, ਪਰ ਪੁਰਾਤਨ ਇਮਾਰਤਾਂ ਅਤੇ ਮੂਲ ਸਰੂਪ ਨੂੰ ਕਿਸੇ ਵੀ ਹਾਲਤ ਵਿੱਚ ਨੁਕਸਾਨ ਨਾ ਪਹੁੰਚਾਇਆ ਜਾਵੇ।



ਇਹ ਹੁਕਮਨਾਮਾ ਸਿਰਫ਼ ਭਾਰਤ ਲਈ ਹੀ ਨਹੀਂ, ਸਗੋਂ ਪਾਕਿਸਤਾਨ ਅਤੇ ਹੋਰ ਦੇਸ਼ਾਂ ਵਿੱਚ ਸਥਿਤ ਗੁਰਦੁਆਰਿਆਂ ਲਈ ਵੀ ਲਾਗੂ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਉੱਥੇ ਵੀ ਸਾਡੀਆਂ ਅਨੇਕਾਂ ਅਮੂਲਕ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਜਿਨ੍ਹਾਂ ਨੂੰ ਨਵੀਂ ਉਸਾਰੀ ਦੇ ਨਾਮ 'ਤੇ ਖਤਮ ਹੋਣ ਤੋਂ ਬਚਾਉਣਾ ਸਾਡਾ ਸਾਂਝਾ ਫਰਜ਼ ਹੈ। ਜੇਕਰ ਅਕਾਲ ਤਖਤ ਸਾਹਿਬ ਵੱਲੋਂ ਇਸ ਸਬੰਧੀ ਕੋਈ ਹੁਕਮਨਾਮਾ ਜਾਂ ਸੰਦੇਸ਼ ਜਾਰੀ ਹੁੰਦਾ ਹੈ, ਤਾਂ ਉਸ ਨੂੰ ਪਾਕਿਸਤਾਨ ਸਥਿਤ ਸੰਬੰਧਤ ਬੋਰਡ ਅਤੇ ਅਧਿਕਾਰੀਆਂ ਤੱਕ ਵੀ ਅਧਿਕਾਰਕ ਤੌਰ 'ਤੇ ਪਹੁੰਚਾਇਆ ਜਾਵੇਗਾ, ਤਾਂ ਜੋ ਉੱਥੇ ਵੀ ਸਿੱਖ ਇਤਿਹਾਸ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਇਸ ਲਈ ਆਪ ਜੀ ਅੱਗੇ ਬੇਨਤੀ ਹੈ ਕਿ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਵਿਚਾਰ ਕਰਦੇ ਹੋਏ, ਗੁਰਮਰਿਆਦਾ ਦੇ ਅਨੁਸਾਰ ਸਿੱਖ ਕੌਮ ਦੀ ਰਹਿਨੁਮਾਈ ਲਈ ਯੋਗ ਅਦੇਸ਼ ਜਾਰੀ ਕਰਨ ਦੀ ਕਿਰਪਾ ਕਰੋ।

**ਨਵੀਂ ਉਸਾਰੀ ਦੇ ਨਾਮ 'ਤੇ ਸਾਡੀਆਂ ਪੁਰਾਤਨ ਇਤਿਹਾਸਕ ਨਿਸ਼ਾਨੀਆਂ, ਪੁਰਾਣੀਆਂ ਇਮਾਰਤਾਂ ਅਤੇ ਅਮੂਲਕ ਯਾਦਾਂ ਨੂੰ ਕੀਤਾ ਜਾ ਰਿਹਾ ਹੈ ਖਤਮ**

## ਸੁਐਲਾ ਬ੍ਰੇਵਰਮੈਨ ਨੇ ਕਜ਼ਰਵੇਟਿਵ ਛੱਡ ਕੇ ਰੀਫੋਰਮ ਯੂ. ਕੇ. ਨੂੰ ਜੁਆਇਨ ਕੀਤਾ — ਬਰਤਾਨੀਆ ਦੀ ਸਿਆਸਤ 'ਚ ਵੱਡਾ ਮੋੜ

**ਲੰਡਨ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਗ੍ਰਹਿ ਮੰਤਰੀ ਅਤੇ ਪ੍ਰਸਿੱਧ Conservative MP ਸੁਐਲਾ ਬ੍ਰੇਵਰਮੈਨ ਨੇ ਆਖ਼ਿਰਕਾਰ ਆਪਣਾ ਪਾਰਟੀ ਰਾਜਨੀਤਕ ਸਾਥ Conservatives ਤੋਂ ਤਿਆਗ ਦਿੱਤਾ ਅਤੇ ਸਖ਼ਤ-ਸੈਂਤਰੀ Reform UK ਪਾਰਟੀ ਦੇ ਨਾਲ ਜੁੜਨ ਦਾ ਐਲਾਨ ਕੀਤਾ। ਇਹ ਕਦਮ ਬਰਤਾਨੀਆ ਦੀ ਸਿਆਸਤ 'ਚ ਇੱਕ ਵੱਡਾ ਮੋੜ ਮੰਨਿਆ ਜਾ ਰਿਹਾ ਹੈ, ਖ਼ਾਸ ਕਰਕੇ ਜਦੋਂ ਓਹ Conservatives ਦੇ ਅੰਦਰਲੇ ਗੁੱਸੇ ਅਤੇ ਵੱਖਰੇ ਵਾਦਾਂ ਦੇ ਚਰਨ 'ਚ ਹੈ। ਬ੍ਰੇਵਰਮੈਨ ਨੇ ਆਪਣੇ 30 ਸਾਲਾਂ ਦੇ Conservatives ਨਾਲ ਰਿਸ਼ਤੇ ਨੂੰ ਖ਼ਤਮ ਕਰਦਿਆਂ ਕਿਹਾ ਕਿ ਉਹ ਹੁਣ ਆਪਣੇ ਬਿਸ਼ਵਾਸ ਅਤੇ ਸਿਧਾਂਤਾਂ ਨਾਲ Conservative Party ਦਾ ਸਾਥ ਨਹੀਂ ਦੇ ਸਕਦੀਆਂ। ਉਸਨੇ ਕਿਹਾ, TConservative Party ਨੇ ਆਪਣੀਆਂ ਵਚਨਬੱਧਤਾਵਾਂ ਤੇ ਆਪਣੀ ਸ਼ੁਰੂਆਤੀ ਆਤਮ-ਛਵੀ ਨੂੰ ਖੋ ਦਿੱਤਾ ਹੈ, ਅਤੇ ਹੁਣ ਉਹ ਲੋਕਾਂ ਦੇ ਹਿਤ ਦੇ ਨਾਲ ਜਾਂਦਾ ਨਜ਼ਰ ਨਹੀਂ ਆਉਂਦਾ। ਬ੍ਰੇਵਰਮੈਨ ਨੇ Reform UK ਵਿੱਚ ਸ਼ਾਮਲ ਹੋਣ ਵੇਲੇ ਦੋਹਰਾਇਆ ਕਿ ਉਸ ਨੂੰ "ਮਿੱਠਾ ਘਰ ਵਾਂਗ ਮਹਿਸੂਸ ਹੋ ਰਿਹਾ ਹੈ", ਅਤੇ ਉਹ ਸਮਝਦੀ ਹੈ ਕਿ ਬਰਤਾਨੀਆ "ਟੁੱਟ ਰਹੀ ਹੈ" ਅਤੇ ਇਸ ਨੂੰ ਸੁਧਾਰ ਦੀ ਤੁਰੰਤ ਲੋੜ ਹੈ। ਇਹ ਡਾਫੇਕਸ਼ਨ Reform UK ਦੇ ਪਾਰਲੀਅਮੈਂਟ ਵਿੱਚ ਮੈਂਬਰਾਂ ਦੀ ਗਿਣਤੀ 8 MP ਤੱਕ ਲੈ ਗਿਆ ਹੈ, ਜੋ Conservatives ਵਿਰੁੱਧ ਇੱਕ ਪ੍ਰਤੀਕਾਤਮਕ ਵਾਧਾ ਦਰਸਾਉਂਦਾ ਹੈ। ਇਸ ਨਾਲ Nigel Farage ਦੀ ਅਗਵਾਈ ਵਾਲੀ Reform UK ਪਾਰਟੀ ਦੀ ਮੌਜੂਦਾ ਸਥਿਤੀ ਮਜ਼ਬੂਤ ਹੋਈ ਹੈ, ਜੋ Conservatives ਅਤੇ Labour ਦੋਹਾਂ ਲਈ ਸਿਆਸੀ ਚੁਣੌਤੀ ਬਣ ਰਹੀ ਹੈ। Labour ਨੇ Reform UK 'ਤੇ ਇਲਜ਼ਾਮ ਲਾਇਆ ਹੈ ਕਿ ਇਹ Conservatives ਦੇ ਨਾਕਾਮੀਆਂ ਨੂੰ ਆਪਣੇ ਹੱਕ ਵਿੱਚ ਵਾਪਰ ਰਹੀ ਹੈ ਅਤੇ Farage ਨੇ ਆਪਣੇ ਪਾਰਟੀ ਵਿੱਚ Conservatives ਦੇ ਬਹੁਤ ਸਾਰੇ ਸਾਬਕਾ ਮੈਂਬਰਾਂ ਨੂੰ ਸ਼ਾਮਲ ਕਰ ਕੇ ਆਪਣੀ ਪਾਰਟੀ ਦੀ ਚਿੱਤਰ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। Conservatives ਨੇ ਸ਼ੁਰੂ ਵਿੱਚ ਇੱਕ ਘੋਸ਼ਣਾ ਜਾਰੀ ਕੀਤੀ ਕਿ ਬ੍ਰੇਵਰਮੈਨ ਦੇ "ਮੈਨਟਲ ਹੈਲਥ" ਮੁੱਦੇ ਨੇ ਉਸਦੇ ਫੈਸਲੇ 'ਚ ਭੂਮਿਕਾ ਨਿਭਾਈ, ਪਰ ਇਸ ਘੋਸ਼ਣਾ ਨੂੰ ਬਾਦ ਵਿੱਚ "ਆਪੜੀ ਉਲਝਣ ਵਾਲੀ ਗਲਤੀ" ਵਜੋਂ ਵਾਪਸ ਲਿਆ ਗਿਆ। ਲੈਕਿਨ ਬ੍ਰੇਵਰਮੈਨ ਨੇ ਕਿਹਾ ਕਿ ਉਹ ਕੁਝ ਸਮੇਂ ਤੋਂ Conservatives ਵਿੱਚ "ਰਾਜਨੀਤਿਕ ਤੌਰ 'ਤੇ ਘਰਹੱਸੀਅਨ" ਮਹਿਸੂਸ ਨਹੀਂ ਕਰ ਰਹੀ ਸੀ। ਇਹ ਡਾਫੇਕਸ਼ਨ Conservatives ਪਾਰਟੀ ਲਈ ਇਕ ਵੱਡਾ ਸਿਆਸੀ ਧੱਕਾ ਹੈ ਅਤੇ Reform UK ਲਈ ਇਕ ਵਧੀਆ ਮੋੜ, ਜੋ ਆਉਣ ਵਾਲੇ ਚੋਣਾਂ ਅਤੇ ਸਿਆਸੀ ਸੈਂਟਰ ਵਿੱਚ ਇੱਕ ਨਵੇਂ ਦੌਰ ਦੀ ਸ਼ੁਰੂਆਤ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ।



## ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਸ਼ਹੀਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਏ ਗਏ

### ਆਓ ਕੇਕ ਪੇਸਟੀਆਂ ਨੂੰ ਛੱਡ ਕਿ ਸਾਦੇ ਪਕਵਾਨਾਂ ਦੇ ਲੰਗਰ ਲਗਾਉਣ ਦਾ ਪ੍ਰਣ ਕਰੀਏ ਵਰਿੰਦਰ ਸਿੰਘ ਮਲਹੋਤਰਾ



**ਜੰਡਿਆਲਾ ਗੁਰੂ, 28 ਜਨਵਰੀ ( ਕੁਲਵੰਤ ਸਿੰਘ ਵਿਰਦੀ )**-ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਜੀ ਦਾ ਜਨਮ ਦਿਹਾੜਾ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਤੇ ਪਿਆਰ ਨਾਲ ਮਨਾਇਆ ਜਾ ਰਿਹਾ ਹੈ ਅਤੇ ਧੰਨ ਧੰਨ ਧੰਨ ਬਾਬਾ ਦੀਪ ਸਿੰਘ ਸ਼ਹੀਦ ਜੀ ਦੇ ਚਰਨ ਛੋਹ ਅਸਥਾਨਾਂ ਦੀਆਂ ਹਾਜਰੀਆਂ ਭਰ ਕਿ ਸੰਗਤਾਂ ਨਤਮਸਤਕ ਹੋ ਰਹੀਆਂ ਹਨ ਜਿਸ ਦੇ ਚੱਲਦਿਆਂ ਅੱਜ ਧੰਨ ਧੰਨ ਬਾਬਾ ਦੀਪ ਸਿੰਘ ਸ਼ਹੀਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਬਰਤਨ ਬਾਜ਼ਾਰ ਜੰਡਿਆਲਾ ਗੁਰੂ ਵਿਖੇ ਗੁਰਮਰਿਯਾਦਾ ਨੂੰ ਮੁੱਖ ਰੱਖਦਿਆ ਹੋਇਆ ਹਿੰਦੂ ਸਿੱਖ ਭਾਈਚਾਰੇ ਵੱਲੋਂ ਦਾਲ ਫੂਲਕੇ ਅਤੇ ਖੀਰ ਦੇ ਲੰਗਰ ਲਗਾਏ ਗਏ । ਇਸ ਮੌਕੇ ਮੌਕੇ ਬਰਤਨ ਬਜਾਰ ਯੂਨੀਅਨ ਦੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ ਨੇ ਕਿਹਾ ਕਿ ਸਮੂਹ ਸੰਗਤਾਂ ਨੂੰ ਬਾਬਾ ਦੀਪ ਸਿੰਘ ਸ਼ਹੀਦ ਜੀ ਦੇ ਜਨਮ ਦਿਹਾੜੇ ਦੀਆਂ ਬਹੁਤ ਬਹੁਤ ਵਧਾਈਆਂ ਹੋਣ ਅਤੇ ਆਓ ਅੱਜ ਦੇ ਇਸ ਪਵਿੱਤਰ ਦਿਹਾੜੇ ਨੂੰ ਸਮਰਪਿਤ ਹੋ ਕਿ ਬਾਬਾ ਜੀ ਦੇ ਜਨਮ ਦਿਹਾੜੇ ਮੌਕੇ ਪੇਸਟੀਆਂ ਅਤੇ ਕੇਕ ਕੱਟਣਾ ਛੱਡ ਕਿ ਗੁਰੂ ਸਾਹਿਬ ਜੀ ਦੇ ਸਾਦੇ ਭੋਜਨ ਦੇ ਚਲਾਏ ਗਏ ਲੰਗਰਾਂ ਨੂੰ ਪਹਿਲ ਦੇ ਕਿ ਗੁਰੂ ਸਾਹਿਬ ਜੀ ਨੂੰ ਸਮਰਪਿਤ ਹੋਈਏ ਤੇ ਖੁਸੀਆਂ ਪ੍ਰਾਪਤ ਕਰੀਏ ਇਸ ਮੌਕੇ ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਬਰਤਨ ਬਾਜ਼ਾਰ ਯੂਨੀਅਨ ਤੋਂ ਇਲਾਵਾ, ਸੁਭਾਸ਼ ਸੂਰੀ, ਇੰਦਰਜੀਤ, ਸਾਹਿਲ ਉਪਲ, ਵਰੁਣ ਸੋਨੀ, ਆਸ਼ੂ ਮਲਹੋਤਰਾ, ਪ੍ਰਿੰਸ, ਆਸ਼ੂ, ਮੋਤੀ ਸੂਰੀ, ਮੰਗਲਜੀਤ ਸਿੰਘ ਪ੍ਰਧਾਨ , ਸਿਧਾਰਥ ਮਲਹੋਤਰਾ, ਅਸ਼ਵਨੀ ਕੁਮਾਰ, ਬ੍ਰਿਜ ਲਾਲ, ਬਨੀ ਮਲਹੋਤਰਾ ਆਦਿ ਸੇਵਾਦਾਰ ਹਾਜ਼ਰ ਸਨ।

ਧੂਰੀ ਸ਼ਹਿਰ ਨੂੰ ਮਿਲੀ ਵੱਡੀ ਸੌਗਾਤ; 4.78 ਕਰੋੜ ਰੁਪਏ ਦੇ

# ਸੁੰਦਰੀਕਰਨ ਤੇ ਵਿਕਾਸ ਪ੍ਰੋਜੈਕਟਾਂ ਦੀ ਹੋਈ ਸ਼ੁਰੂਆਤ

**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ ਸ਼ਹਿਰ ਦੇ ਸਰਵਪੱਖੀ ਵਿਕਾਸ ਅਤੇ ਆਧੁਨਿਕ ਸ਼ਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦੇ ਹੋਏ, ਮੁੱਖ ਮੰਤਰੀ ਦੇ ਓ.ਐਸ.ਡੀ ਸ. ਸੁਖਵੀਰ ਸਿੰਘ ਵੱਲੋਂ ਅੱਜ ਧੂਰੀ ਹਲਕੇ ਵਿੱਚ ਕੁੱਲ 4.78 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਸੁੰਦਰੀਕਰਨ ਅਤੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਧੂਰੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਸੁੰਦਰੀਕਰਨ ਵੱਲ ਵੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਧੂਰੀ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਖ਼ੁਦ ਨਿਗਰਾਨੀ ਕਰ ਰਹੇ ਹਨ।



ਓ.ਐਸ.ਡੀ. ਸੁਖਵੀਰ ਸਿੰਘ ਨੇ ਧੂਰੀ ਦੇ ਵਾਰਡ ਨੰਬਰ 18 ਵਿਖੇ ਕਰੀਬ 47 ਲੱਖ ਰੁਪਏ ਅਤੇ ਵਾਰਡ ਨੰਬਰ 1 ਵਿਖੇ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਇਨ੍ਹਾਂ ਵਾਰਡਾਂ ਵਿੱਚ ਨਵੀਂ ਬਲਾਕ ਟਾਈਲਾਂ ਲਗਾਉਣ ਸਮੇਤ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾਵੇਗਾ ਤਾਂ ਜੋ ਵਾਰਡ ਵਾਸੀਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 1 ਵਿੱਚ ਸੀਵਰੇਜ ਦੀ ਸਮੱਸਿਆ ਦੇ ਸਥਾਈ ਹੱਲ ਲਈ ਖ਼ਾਕਾ ਤਿਆਰ ਕਰ ਲਿਆ ਗਿਆ ਹੈ ਤੇ ਬਹੁਤ ਜਲਦ ਇਸ ਸਮੱਸਿਆ ਨੂੰ ਖ਼ਤਮ ਕਰ ਦਿੱਤਾ ਜਾਵੇ।

**ਧੂਰੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਸੁੰਦਰੀਕਰਨ ਵੱਲ ਵੀ ਦਿੱਤੀ ਜਾ ਰਹੀ ਹੈ ਵਿਸ਼ੇਸ਼ ਤਵੱਜੋ: ਸੁਖਵੀਰ ਸਿੰਘ**

ਧੂਰੀ ਸ਼ਹਿਰ ਵਿੱਚ ਵਿਕਾਸ ਕਾਰਜ ਸ਼ੁਰੂ ਕਰਵਾਉਣ ਸਮੇਤ ਅੱਜ ਧੂਰੀ ਦੇ ਐਂਟਰੀ ਪੁਆਇੰਟਾਂ ਦੇ ਕਰੀਬ 3.61 ਕਰੋੜ ਰੁਪਏ ਨਾਲ ਹੋਣ ਵਾਲੇ ਸੁੰਦਰੀਕਰਨ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮਲੇਰਕੋਟਲਾ ਵਾਲੇ ਪਾਸੇ ਤੋਂ ਧੂਰੀ ਦੇ ਮੁੱਖ ਐਂਟਰੀ ਪੁਆਇੰਟ ਦੇ ਸੁੰਦਰੀਕਰਨ ਅਤੇ ਅਪਗ੍ਰੇਡੇਸ਼ਨ ’ਤੇ ਕਰੀਬ 1.90 ਕਰੋੜ ਰੁਪਏ ਨਾਲ ਅਤੇ ਬਾਗੜੀਆਂ/ਨਾਭਾ ਵਾਲੇ ਪਾਸੇ ਤੋਂ ਧੂਰੀ ਦੇ ਐਂਟਰੀ ਪੁਆਇੰਟ ਦੇ ਸੁੰਦਰੀਕਰਨ ਅਤੇ ਅਪਗ੍ਰੇਡੇਸ਼ਨ ’ਤੇ ਕਰੀਬ 1.71 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਿਸ ਨਾਲ ਸ਼ਹਿਰ ਦੇ ਦਾਖ਼ਲੇ ਨੂੰ ਆਕਰਸ਼ਕ ਦਿੱਖ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐਂਟਰੀ ਗੇਟਾਂ ਵਾਲੇ ਕੱਚੇ ਸਥਾਨ ’ਤੇ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾਣਗੀਆਂ ਅਤੇ ਨਵੇਂ ਬੂਟੇ ਲਗਾਉਣ ਸਮੇਤ ਸੜਕ ਵਿਚਾਲੇ ਡਵਾਈਡਰ, ਪਾਮ ਦੇ ਦਰੱਖਤ, ਫੈਨਸੀ ਲਾਈਟਾਂ, ਬੈਠਣ ਲਈ ਕੁਰਸੀਆਂ, ਸਾਈਨ ਬੋਰਡ, ਵੈੱਲਕਮ ਬੋਰਡ ਅਤੇ ਐਲ.ਈ.ਡੀ. ਨਾਲ ਬਣੇ ਪਾਮ ਟਰੀ ਬਣਾਏ ਜਾਣਗੇ ਜੋ ਧੂਰੀ ਸ਼ਹਿਰ ਵਿੱਚ ਦਾਖ਼ਲੇ ਸਮੇਂ ਸ਼ਹਿਰ ਨੂੰ ਨਵੀਂ ਦਿੱਖ ਪ੍ਰਦਾਨ ਕਰਨਗੇ। ਸ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ਼ਹਿਰੀ ਵਿਕਾਸ, ਬੁਨਿਆਦੀ ਢਾਂਚੇ ਅਤੇ ਲੋਕ-ਹਿਤੈਸ਼ੀ ਪ੍ਰੋਜੈਕਟਾਂ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ, ਤਾਂ ਜੋ ਸੂਬੇ ਦੇ ਹਰ ਸ਼ਹਿਰ ਅਤੇ ਪਿੰਡ ਵਿੱਚ ਸੰਤੁਲਿਤ, ਪਾਰਦਰਸ਼ੀ ਅਤੇ ਟਿਕਾਊ ਵਿਕਾਸ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਅਨਵਰ ਭਸੌੜ, ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ ,ਡਾਇਰੈਕਟਰ ਲਘੂ ਉਦਯੋਗ ਨਿਗਮ ਅਨਿਲ ਮਿੱਤਲ, ਡਾਇਰੈਕਟਰ ਸ਼ੂਗਰਫੈੱਡ ਜਸਪਾਲ ਭੁੱਲਰ, ਪੁਸ਼ਪਿੰਦਰ ਸ਼ਰਮਾ, ਰਮਨਦੀਪ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਛਪਾਲ ਸਿੰਘ ਭੁੱਲਰ, ਅਮਨਜੋਤ ਕੌਰ, ਰਾਜੀਵ ਚੌਧਰੀ, ਅਸ਼ਵਨੀ ਧੀਰ, ਸੰਦੀਪ ਤਿਆਲ, ਗਗਨ ਜਵੰਦਾ, ਵੀਰਭਾਨ, ਅਜੈਬ ਸਿੰਘ, ਬਲਜੀਤ ਕੌਰ ਅਤੇ ਸੁਖਪਾਲ ਸਿੰਘ, ਰੂਬਲ, ਰੁਪਿੰਦਰ ਭੁੱਲਰ, ਪੰਜਾਬ ਮੰਡੀ ਬੋਰਡ, ਡਾ. ਕੁਲਜੀਤ ਧਵਨ, ਹਰਪ੍ਰੀਤ ਸਿੰਘ ਮੀਮਾਂਸਾ, ਐਡਵੋਕੇਟ ਹੈਪੀ ਗਰਗ ਅਤੇ ਵਾਰਡ ਨੰਬਰ 17, 18 ਅਤੇ 1 ਦੇ ਵੱਡੀ ਗਿਣਤੀ ਵਾਸੀ ਮੌਜੂਦ ਸਨ।

ਪਿੰਡ ਬੁਰਜ ਕਲਾਰਾ ਵਿਖੇ ਤਿੰਨ ਸੰਤਾਂ ਮਹਾਂਪੁਰਸ਼ਾਂ ਦੀ

# ਨਿੱਘੀ ਪਿਆਰੀ ਯਾਦ ਵਿੱਚ ਬਰਸੀ ਸਮਾਗਮ ਕਰਵਾਇਆ









**ਜਗਰਾਉਂ, 28 ਜਨਵਰੀ (ਵਰਿਆਮ ਹਠੂਰ)**-ਜ਼ਿਲ੍ਹਾ ਲੁਧਿਆਣਾ ਦੇ ਆਖਰੀ ਪਿੰਡ ਬੁਰਜ ਕਲਾਰਾ ਵਿਖੇ ਸਸ਼ੋਭਿਤ ਗੁਰਦੁਆਰਾ ਤਪ ਅਸਥਾਨ ਬਾਬਾ ਸਾਈਂ ਲੋਕ ਵਿਖੇ ਤਿੰਨ ਸੰਤਾਂ ਮਹਾਂਪੁਰਸ਼ਾਂ ਦੀ ਨਿੱਘੀ ਪਿਆਰੀ ਯਾਦ ਵਿੱਚ ਬਰਸੀ ਸਮਾਗਮ ਕਰਵਾਇਆ ਗਿਆ, ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਪ੍ਰਕਾਸ਼ ਕੀਤੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਬਰਸੀ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਤੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ!! ਭਾਈ ਸਵਰਜੀਤ ਸਿੰਘ ਰਬਾਬੀ ਲੋਪੋ ਵਾਲਿਆਂ ਦੇ ਕੀਰਤਨੀ ਜੱਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਦਾ ਦਿਲ ਮੋਹ ਲਿਆ, ਗੁਰੂ ਘਰ ਦੇ ਵਜੀਰ ਬਾਬਾ ਗੁਰਨਾਇਬ ਸਿੰਘ ਰਾਮਾ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ, ਖ਼ਾਸ ਤੌਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਵੱਲੋਂ ਪਿੰਡ ਬੁਰਜ ਕਲਾਰਾ ਦੀਆਂ ਨੇੜੇ ਅਤੇ ਦੂਰ ਦੁਰਾਡੇ ਵਿਆਹੀਆਂ ਧੀਆਂ ਭੈਣਾਂ ਨੂੰ ਵੀ ਸੱਦਾ ਪੱਤਰ ਦਿੱਤਾ ਗਿਆ ਸੀ। ਤੇ ਬਹੁ ਗਿਣਤੀ ਨਗਰ ਦੀਆਂ ਧੀਆਂ ਭੈਣਾਂ ਨੇ ਵੀ ਆਪਣੀ ਹਾਜ਼ਰੀ ਭਰੀ, ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਧੀਆਂ ਭੈਣਾਂ ਨੂੰ ਲੱਡੂਆਂ ਦੇ ਡੱਬੇ ਦਿੱਤੇ ਗਏ। ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕਲਾਰਾ ਨੇ ਸਵਰਜੀਤ ਸਿੰਘ ਰਬਾਬੀ ਲੋਪੋ ਵਾਲਿਆਂ ਦੇ ਕੀਰਤਨੀ ਜੱਥੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦਿਆਂ ਧੰਨਵਾਦ ਕੀਤਾ ਉੱਥੇ ਸਮੂਹ ਹਾਜ਼ਰੀਆਂ ਭਰਨ ਵਾਲੀਆਂ ਸਮੂਹ ਗੁਰਸੰਗਤਾਂ ਅਤੇ ਸੇਵਾਦਾਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਇਸ ਮੌਕੇ ਗੁਰਦੁਆਰਾ ਮਲੋ ਸ਼ਹੀਦ ਹਿੰਮਤਪੁਰਾ ਦੇ ਮੁੱਖ ਸੇਵਾਦਾਰ ਬਾਬਾ ਅਜੀਤ ਸਿੰਘ ਨੇ ਸੰਤਾਂ ਮਹਾਂਪੁਰਸ਼ਾਂ ਦੇ ਗੁਣਾਂ ਅਤੇ ਸੇਵਾਵਾਂ ਬਾਰੇ ਚਾਨਣਾ ਪਾਇਆ, ਅਤੇ ਦੱਸਿਆ ਕਿ ਸੰਤ ਮਹਾਂਪੁਰਸ਼ ਸੰਗਤਾਂ ਨੂੰ ਸਿੱਧੇ ਰਾਹ ਪਾਉਣ ਲਈ ਆਪਣਾ ਪੂਰਨ ਯੋਗਦਾਨ ਪਾਉਂਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮਾਗਮ ਕਰਵਾਉਣ ਲਈ ਧੰਨਵਾਦ, ਇਸ ਮੌਕੇ ਬੋਲਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕਲਾਰਾ ਨੇ ਕਿਹਾ ਕਿ ਜਿਸ ਜਗ੍ਹਾ ਅੱਜ ਗੁਰਦੁਆਰਾ ਤਪ ਅਸਥਾਨ ਬਾਬਾ ਸਾਈਂ ਲੋਕ ਸਸ਼ੋਭਿਤ ਹੈ। ਉੱਥੇ ਪਹਿਲਾਂ ਡੇਰਾ ਹੋਇਆ ਕਰਦਾ ਸੀ। ਤੇ ਇੱਥੇ ਸੰਤ ਬਾਬਾ ਗੁਲਾਬ ਸਿੰਘ ਜੀ, ਸੰਤ ਬਾਬਾ ਵਿਸਾਵਾ ਸਿੰਘ ਜੀ, ਅਤੇ ਸੰਤ ਬਾਬਾ ਭੋਲਾ ਸਿੰਘ ਜੀ, ਤਿੰਨ ਸੰਤਾਂ ਮਹਾਂਪੁਰਸ਼ਾਂ ਨੇ ਤਪ ਕੀਤਾ ਅਤੇ ਗੁਰਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਰਹੇ, ਉਨ੍ਹਾਂ ਕਿਹਾ ਕਿ ਉਸ ਸਮੇਂ ਵਿੱਚ ਸੰਤ ਧਰਤੀ ਤੇ ਅੱਖ਼ਰ ਉਲੀਕ ਕੇ ਪੜਾਇਆ ਕਰਦੇ ਸਨ। ਤੇ ਬਾਅਦ ਵਿੱਚ ਉਨ੍ਹਾਂ ਕਮਰਾ ਪਵਾ ਕੇ ਸਕੂਲ ਦੀ ਵੀ ਸ਼ੁਰੂਆਤ ਕੀਤੀ, ਤੇ ਕਾਫੀ ਸਮਾਂ ਬੀਤਣ ਤੋਂ ਬਾਅਦ ਇੱਥੇ ਸੇਵਾਵਾਂ ਚੱਲਦੀਆਂ ਰਹੀਆਂ ਤੇ ਗੁਰਦੁਆਰਾ ਤਪ ਅਸਥਾਨ ਬਾਬਾ ਸਾਈਂ ਲੋਕ ਬਣ ਗਿਆ, ਅੱਜ ਉਨ੍ਹਾਂ ਮਹਾਨ ਸਾਧੂ ਸੰਤਾਂ ਮਹਾਂਪੁਰਸ਼ਾਂ ਦੀ ਨਿੱਘੀ ਪਿਆਰੀ ਯਾਦ ਵਿੱਚ ਸਮੂਹ ਗੁਰਸੰਗਤਾਂ ਦੇ ਸਹਿਯੋਗ ਸਦਕਾ ਸਲਾਨਾ ਬਰਸੀ ਸਮਾਗਮ ਕਰਵਾਏ ਜਾਂਦੇ ਹਨ। ਇਸ ਵਾਰ ਨਗਰ ਦੀਆਂ ਵਿਆਹੀਆਂ ਹੋਈਆਂ ਸਾਰੀਆਂ ਧੀਆਂ ਭੈਣਾਂ ਨੇ ਸੱਦੇ ਤੇ ਪਹੁੰਚ ਕੇ ਹਾਜ਼ਰੀ ਭਰੀ ਸਮੂਹ ਗੁਰਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ, ਇਸ ਮੌਕੇ ਅਵਤਾਰ ਸਿੰਘ ਸਿੱਧੂ, ਸਰਪੰਚ ਚਮਕੌਰ ਸਿੰਘ,ਮਿੱਠੂ ਸਿੰਘ ਬੁਰਜ ਕਲਾਰਾ, ਮਿਸਤਰੀ ਪਰਮਜੀਤ ਸਿੰਘ, ਬਾਬਾ ਅਜੀਤ ਸਿੰਘ ਗੁਰਦੁਆਰਾ ਮਲੋ ਸ਼ਹੀਦ ਹਿੰਮਤਪੁਰਾ, ਪ੍ਰਧਾਨ ਬਚਿੱਤਰ ਸਿੰਘ ਮਾਛੀਕੇ, ਬਾਬਾ ਚੰਦ ਸਿੰਘ, ਗੁਰਪ੍ਰੀਤ ਸਿੰਘ, ਮਹਿੰਦਰ ਸਿੰਘ, ਨਿਰਮਲ ਸਿੰਘ, ਹਰਵਰਿੰਦਰ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜ਼ਰ ਸਨ। ਤੇ ਗੁਰੂ ਘਰ ਚਾਹ ਪਕੌੜੇ ਜਲੇਬੀਆਂ ਅਤੇ ਹੋਰ ਪਕਵਾਨਾਂ ਦਾ ਲੰਗਰ ਅਤੁੱਟ ਵਰਤਿਆ।

# ਬਲਾਕ ਸ਼ੇਰਪੁਰ (ਸੰਗਰੂਰ)ਵੱਲੋਂ ਪ.ਸ.ਸ.ਫ (ਵਿਗਿਆਨਿਕ )ਵੱਲੋਂ ਸਾਲ ਦਾ ਕੈਲੰਡਰ ਜਾਰੀ




**ਸੇਰਪੁਰ ( ਰਣਜੀਤ ਸਿੰਘ ਪੇਧਨੀ )**-ਬਲਾਕ ਸ਼ੇਰਪੁਰ (ਸੰਗਰੂਰ)ਵੱਲੋ ਪ.ਸ.ਸ.ਫ(ਵਿਗਿਆਨਿਕ )ਵੱਲੋ ਸਾਲ 2026 ਦਾ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵੇਂ ਸ਼ਹਾਦਤ ਵਰੇ ਨੂੰ ਸਮਰਪਿਤ ਕੈਲੰਡਰ ਰਿਲੀਜ਼ ਕੀਤਾ ਗਿਆ । ਅੱਜ ਮਿਤੀ 28/01/2026 ਨੂੰ ਪੰਜਾਬ ਸੁਬਾਰੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ)ਦੀ ਪੀ ਐਚ ਸੀ ਕਾਂਝਲਾ ਵਿਖੇ ਮੀਟਿੰਗ ਦੌਰਾਨ ਅਸ਼ੋਕ ਕੁਮਾਰ ਜਿਲਾਂ ਜਰਨਲ ਸਕੱਤਰ ਅਤੇ ਅਮਰੀਕ ਸਿੰਘ ਪੇਧਨੀ ਚੀਫ ਆਰਗੇਨਾਈਜਰ ਵੱਲੋ ਸਾਂਝੇ ਫਰੰਟ ਦੇ ਚਲਦੇ ਪ੍ਰੋਗਰਾਮਾਂ ਦੀ ਮੀਟਿੰਗ ਵਿੱਚ ਫੈਡਰੇਸ਼ਨ ਵਲੋਂ ਨਿਭਾਏ ਰੋਲ ਦੀ ਸਮੀਖਿਆ ਦੀ ਚਰਚਾਂ ਕੀਤੀ ਗਈ ਅਤੇ ਸਾਲ 2026 ਦਾ ਫੈਡਰੇਸ਼ਨ ਵਿਗਿਆਨਕ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜੀ ਦੇ 350 ਵੇਂ ਸ਼ਹਾਦਤ ਵਰੇ ਨੂੰ ਸਮਰਪਿਤ ਕੈਲੰਡਰ ਜਾਰੀ ਕੀਤਾ ਗਿਆ ।ਇਸ ਮੌਕੇ ਵਿਸ਼ੇਸ ਤੌਰ ਤੇ ਐਮ ਓ ਆਮ ਆਦਮੀ ਕਲੀਨਿਕ ਡਾਕਟਰ ਦੀਪਨੂਰ ਕਾਂਝਲਾ ,ਅੰਜੂ ਬਾਲਾ ਐਲ ਐਚ ਵੀ, ਗੁਰਵਿੰਦਰ ਸਿੰਘ ,ਹਰਜੀਤ ਸਿੰਘ ,ਜਸਵਿੰਦਰ ਸਿੰਘ ,ਮ,ਪ,ਹ,ਵ (ਮੇਲ) ,ਆਰੁਨ ਕੁਮਾਰ ਫਾਰਮੇਸੀ ਆਫ਼ਸਰ,,ਬੇਅੰਤ ਕੌਰ ਸੀ ਐਚ ਓ ,ਪਰਵਿੰਦਰ ਕੌਰ, ਸੋਹਨ ਪਰੀਤ ਮ, ਪ, ਹ, ਵ(ਵ) ਆਦਿ ਸਮੂਹ ਸਟਾਫ ਪੀ ਐਚ ਸੀ ਕਾਂਝਲਾ ਹਾਜਰ ਸਨ ।

# ਇੰਡੀਅਨ ਫੌਜ ਵਿਚ ਸਿੱਖਾਂ ਦੀ ‘ਭੈਰਵ ਬਟਾਲੀਅਨ’ ਬਣਾਉਣ ਦੇ ਮਨਸੂਬੇ ਸਿੱਖ ਰੈਜਮੈਂਟ ਦੇ ਫ਼ਖ਼ਰਨੂਮਾ ਇਤਿਹਾਸ ਨੂੰ ਮਿਟਾਉਣ ਦੀ ਸਾਜ਼ਿਸ਼: ਮਾਨ



**ਨਵੀਂ ਦਿੱਲੀ, 28 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਮੌਜੂਦਾ ਇੰਡੀਆਂ ਦੀ ਬੀਜੇਪੀ-ਆਰ.ਐਸ.ਐਸ ਦੀ ਮੋਦੀ ਹਕੂਮਤ ਸਿੱਖ ਕੌਮ ਦੇ ਇਤਿਹਾਸ ਅਤੇ ਫ਼ੌਜ ਵਿਚ ਸਿੱਖ ਰੈਜਮੈਂਟ ਦੇ ਕੌਮਾਂਤਰੀ ਪੱਧਰ ਦੇ ਹੁਣ ਤੱਕ ਦੇ ਫਖ਼ਰਨੂਮਾ ਇਤਿਹਾਸ ਨੂੰ ਖ਼ਤਮ ਕਰਨ ਦੀ ਮੰਦਭਾਵਨਾ ਅਧੀਨ ਫ਼ੌਜ ਵਿਚ ਜੋ ਸਿੱਖਾਂ ਦੀ ਭਰਤੀ ਲਈ ਭੈਰਵ ਬਟਾਲੀਅਨ ਬਣਾਕੇ ਰੀਪਬਲਿਕ ਡੇਅ ਉਤੇ ਉਨ੍ਹਾਂ ਦੀ ਪ੍ਰੇਡ ਦਿਖਾਈ ਗਈ ਹੈ, ਜਿਸਦੀ ਵਰਦੀ ਤੇ ਦਸਤਾਰਾਂ ਉਤੇ ਦਾਗ-ਧੱਬੇ ਦਿਖਾਏ ਗਏ ਹਨ, ਇਹ ਸਭ ਅਮਲ ਸਿੱਖਾਂ ਦੀ ਆਨ-ਸ਼ਾਨ ਤੇ ਅਣਖ਼ ਵਾਲੀ ਜਿੰਦਗੀ ਅਤੇ ਸਿੱਖ ਰੈਜਮੈਂਟ ਦੇ ਹੁਣ ਤੱਕ ਦੇ ਮਾਰਕੇ ਵਾਲੇ ਉੱਦਮਾਂ ਨੂੰ ਖਤਮ ਕਰਨ ਦੀਆਂ ਸਾਜਿਸਾਂ ਦਾ ਹਿੱਸਾ ਹਨ। ਜਦੋਂਕਿ ਅੱਜ ਤੱਕ ਹੁਕਮਰਾਨਾਂ ਨੇ ਕਿਸੇ ਤਰ੍ਹਾਂ ਦੀ ਵੀ ਬਾਹਰੀ ਜੰਗ ਸਿੱਖ ਰੈਜਮੈਂਟ ਦੀ ਬਹਾਦਰੀਨੁਮਾ ਕਾਰਵਾਈਆਂ ਤੇ ਸ਼ਹਾਦਤਾਂ ਤੋਂ ਬਿਨ੍ਹਾਂ ਨਹੀ ਜਿੱਤ ਸਕੀ । ਇਸੇ ਲਈ ਕੌਮਾਂਤਰੀ ਪੱਧਰ ਤੇ ਸਿੱਖ ਰੈਜਮੈਂਟ ਦਾ ਇਕ ਬਹੁਤ ਵੱਡਾ ਸਤਿਕਾਰਿਤ ਰੁਤਬਾ ਕਾਇਮ ਹੈ । ਸਿੱਖ ਕੌਮ ਦੇ ਬਣੇ ਇਸ ਸਤਿਕਾਰਿਤ ਰੁਤਬੇ ਨੂੰ ਨੁਕਸਾਨ ਪਹੁੰਚਾਉਣ ਅਤੇ ਸਿੱਖਾਂ ਦੇ ਇਤਿਹਾਸ ਨੂੰ ਹਿੰਦੂਤਵ ਸੋਚ ਵਿਚ ਰਲਗੜ ਕਰਨ ਦੀ ਸੋਚ ਅਧੀਨ ਹੀ ਜੋ ਸਿੱਖ ਫ਼ੌਜੀਆਂ ਦੀ ਭਰਤੀ ਕਰਨ ਲਈ ਨਵੀ ਭੈਰਵ ਬਟਾਲੀਅਨ ਬਣਾਈ ਗਈ ਹੈ ਅਤੇ ਇਸ ਨੂੰ ਹਿੰਦੂ ਰੂਪ ਦੇ ਕੇ ਸਾਡੀ ਸਿੱਖ ਰੈਜਮੈਂਟ ਤੇ ਸਿੱਖਾਂ ਦੀ ਆਨ ਸ਼ਾਨ ਨੂੰ ਨੁਕਸਾਨ ਪਹੁੰਚਾਉਣ ਦੇ ਮੰਦਭਾਵਨਾ ਭਰੇ ਮਨਸੂਬੇ ਹੋ ਰਹੇ ਹਨ । ਜਿਸਦੀ ਸਮੁੱਚੀ ਸਿੱਖ ਕੌਮ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਖਤ ਸ਼ਬਦਾਂ ਵਿਚ ਜਿਥੇ ਨਿੰਦਾ ਕਰਦਾ ਹੈ, ਉਥੇ ਬੀਤੇ ਲੰਮੇ ਸਮੇ ਤੋ ਫੌਜ ਵਿਚ ਸਿੱਖਾਂ ਦੀ 33% ਭਰਤੀ ਤੋ ਘਟਾਕੇ ਜੋ 2% ਕੀਤੀ ਗਈ ਸੀ ਅਤੇ ਉਹ ਵੀ ਪੂਰਨ ਰੂਪ ਵਿਚ ਨਹੀ ਸੀ ਕੀਤੀ ਜਾ ਰਹੀ ਅਤੇ ਸਿੱਖ ਕੌਮ ਨਾਲ ਹੁਕਮਰਾਨ ਲੰਮੇ ਸਮੇ ਤੋ ਇਹ ਵਿਤਕਰੇ ਤੇ ਬੇਇਨਸਾਫ਼ੀਆਂ ਕਰਦੇ ਆ ਰਹੇ ਹਨ । ਜੇਕਰ ਹੁਣ ਸਿੱਖਾਂ ਦੀ ਭਰਤੀ ਦੀ ਇਨ੍ਹਾਂ ਨੂੰ ਲੋੜ ਮਹਿਸੂਸ ਹੋਈ ਹੈ ਤਾਂ ਉਸਦਾ ਹਿੰਦੂਕਰਨ ਨਾਮ ਕਰਕੇ ਸਿੱਖਾਂ ਦੇ ਅਕਸ ਨੂੰ ਦਾਗੀ ਕਰਨ ਦੀਆਂ ਅਸਫਲ ਕੋਸ਼ਿਸ਼ਾਂ ਹੋ ਰਹੀਆ ਹਨ ਜਿਸਨੂੰ ਸਿੱਖ ਕੌਮ, ਸਿੱਖ ਜਰਨੈਲ, ਸਿੱਖ ਫੌਜੀ ਕਤਈ ਬਰਦਾਸਤ ਨਹੀ ਕਰਨਗੇ ਅਤੇ ਨਾ ਹੀ ਇਨ੍ਹਾਂ ਮਨਸੂਬਿਆ ਨੂੰ ਸਿੱਖ ਕੌਮ ਸਫਲ ਹੋਣ ਦੇਵੇਗੀ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਅਨ ਫ਼ੌਜ ਦੀ ਸਿਰ ਦਾ ਤਾਜ ਜਾਣੀ ਜਾਂਦੀ ਸਿੱਖ ਰੈਜਮੈਂਟ ਅਤੇ ਉਸਦੇ ਕੌਮਾਂਤਰੀ ਪੱਧਰ ਦੇ ਸਿੱਖਨੁਮਾ ਇਤਿਹਾਸ ਨੂੰ ਸਾਜਸੀ ਢੰਗ ਨਾਲ ਬਦਲਣ ਅਤੇ ਉਸਦੇ ਸਥਾਂਨ ਤੇ ਭੈਰਵ ਬਟਾਲੀਅਨ ਕਾਇਮ ਕਰਕੇ ਉਨ੍ਹਾਂ ਦੀ ਵਰਦੀ ਤੇ ਦਸਤਾਰਾਂ ਨੂੰ ਦਾਗੀ ਨਿਸ਼ਾਨ ਦੇ ਕੇ ਉਸਦੀ ਅਹਿਮੀਅਤ ਘਟਾਉਣ ਦੇ ਕੀਤੇ ਜਾ ਰਹੇ ਦੁੱਖਦਾਇਕ ਅਮਲਾਂ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਅਜਿਹੇ ਅਮਲ ਨੂੰ ਸਿੱਖ ਕੌਮ ਵੱਲੋ ਕਤਈ ਵੀ ਬਰਦਾਸਤ ਨਾ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਧੰਨ ਧੰਨ ਬਾਬੇ ਸਿੰਘ ਸ਼ਹੀਦ ਦੇ ਅਸਥਾਨਾ 'ਤੇ

# ਅੰਮ੍ਰਿਤ ਸੰਚਾਰ ਹੋਇਆ, 45 ਪ੍ਰਾਣੀ ਗੁਰੂ ਵਾਲੇ ਬਣੇ



## ਬਾਬਾ ਕੁਲਵਿੰਦਰ ਸਿੰਘ ਜੀ ਨੇ ਅੰਮ੍ਰਿਤ ਛਕਣ ਵਾਲਿਆ ਨੂੰ ਦਿੱਤੀ ਮੁਬਾਰਕਵਾਦ

**ਮਾਲੇਰਕੋਟਲਾ (ਰਣਜੀਤ ਸਿੰਘ ਪੇਧਨੀ)**-ਧੰਨ ਧੰਨ ਬਾਬੇ ਸਿੰਘ ਸ਼ਹੀਦ ਸੇਵਾ ਐਂਡ ਵੈਲਫੇਅਰ ਸੁਸਾਇਟੀ (ਰਜਿ:) ਬਾਬਾ ਕੁਲਵਿੰਦਰ ਸਿੰਘ ਨੌਜਵਾਨ ਸਭਾ ਅਤੇ ਸਮੂਹ ਨਗਰ ਨਿਵਾਸੀ ਸੰਗਤ ਪਿੰਡ ਅਬਦੁੱਲਾਪੁਰ (ਚੁਹਾਣੇ ਕਲਾਂ) ਅਤੇ ਧੰਨ ਧੰਨ ਬਾਬੇ ਸਿੰਘ ਸ਼ਹੀਦ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਮਹਾਨ ਅੰਮ੍ਰਿਤ ਸੰਚਾਰ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ। ਜਿਸ ਵਿੱਚ 45 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਹੁਲ ਪ੍ਰਾਪਤ ਕਰਕੇ ਗੁਰੂ ਵਾਲੇ ਬਣੇ ਅਤੇ ਦਸਤਾਰ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਡਲ, ਸਨਮਾਨ ਚਿੰਨ੍ਹ ਅਤੇ ਨਗਦ ਮਾਇਆ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੀਰ ਮਨਦੀਪ ਸਿੰਘ ਖੁਰਦ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ, ਪ੍ਰਚਾਰਕ ਭਾਈ ਚਰਨਪ੍ਰੀਤ ਸਿੰਘ ਮਾਹੋਰਾਣਾ, ਭਾਈ ਸੁਖਵੀਰ ਸਿੰਘ ਫਲੌਂਡ ਹਾਜ਼ਰ ਸਨ।

## ਡਿਜੀਟਲ ਲਾਇਬ੍ਰੇਰੀ ਵਿਖੇ

# ਸਾਹਿਤ ਸਭਾ ਹੁਸ਼ਿਆਰਪੁਰ ਦੀ ਹੋਈ ਭਰਵੀਂ ਮੀਟਿੰਗ




**ਹੁਸ਼ਿਆਰਪੁਰ, 27 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਮਹੀਨਾਵਾਰ ਮੀਟਿੰਗ ਬਹੁਤ ਭਰਵੇਂ ਅੰਦਾਜ਼ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਨੇ ਕੀਤੀ। ਮੀਟਿੰਗ ਦੇ ਸ਼ੁਰੂਆਤ ਵਿੱਚ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਅਦਬ ਦੀ ਦੁਨੀਆ ਦੇ ਸਿਰਮੌਰ ਲੇਖਕ ਮਹਿੰਦਰ ਸਿੰਘ ਦੀਵਾਨਾ, ਕਵੀ ਤੇ ਪੇਂਟਰ ਦੇਵ, ਪਦਮ ਸ਼੍ਰੀ ਪੂਰਨ ਸ਼ਾਹਕੋਟੀ, ਮੁਲਾਜ਼ਮ ਆਗੂ ਪ੍ਰਿੰਸੀਪਲ ਪਿਆਰਾ ਸਿੰਘ, ਵਿਨੋਦ ਕੁਮਾਰ ਸ਼ੁਕਲ, ਤਾਹਿਰ ਫ਼ਰਾਜ਼ ਹੁਰਾਂ ਦੇ ਹੱਕ ਵਿੱਚ ਸ਼ੋਕ ਮਤਾ ਪੜ੍ਹਿਆ ਜਿਸ ਦਾ ਸਭਾ ਦੇ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ। ਉਪਰੰਤ ਤ੍ਰਿਪਤਾ ਕੇ ਸਿੰਘ ਦੀ ਪੁਸਤਕ "ਕੱਕੇ ਰੇਤੇ 'ਤੇ ਪਈਆਂ ਪੈੜਾਂ-ਡਾ. ਕਰਮਜੀਤ ਸਿੰਘ ਨਾਲ਼ ਲੰਬੀ ਇੰਟਰਵਿਊ" ਦਾ ਸਭਾ ਵੱਲੋਂ ਲੋਕ ਅਰਪਣ ਕੀਤਾ ਗਿਆ। ਪੁਸਤਕ ਬਾਰੇ ਤੁਆਰਫ਼ ਕਰਾਉਂਦਿਆਂ ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਸ ਵਿੱਚ ਸਾਹਿਤਕ ਕਾਮੇ ਡਾ. ਕਰਮਜੀਤ ਸਿੰਘ ਹੁਰਾਂ ਦਾ ਬਚਪਨ, ਲੋਕਧਾਰਾ 'ਤੇ ਕੀਤਾ ਕੰਮ ਤੇ ਉਸਦੀ ਪੜਚੋਲ, ਸਾਹਿਤ ਸਭਾਵਾਂ ਦੇ ਕੰਮ, ਅੰਗਰੇਜ਼ੀ ਲੇਖਕਾਂ ਵੱਲੋਂ ਕੀਤੇ ਲੋਕਧਾਰਾ ਦੇ ਕੰਮਾਂ ਦੀ ਸਾਰ, ਮਾਰਕਸਈਜ਼ਮ ਅੰਬੇਡਕਰਈਜ਼ਮ ਦੀਆਂ ਸਾਂਝੀਆਂ ਤੰਦਾਂ, ਮਨੂੰਸਿਮ੍ਰਤੀ ਬਾਰੇ ਲੰਬੀ ਚਰਚਾ ਪੜ੍ਹਨ ਸੁਣਨ ਨੂੰ ਮਿਲੇਗੀ। ਲੇਖਿਕਾ ਤ੍ਰਿਪਤਾ ਕੇ ਸਿੰਘ ਨੇ ਦੱਸਿਆ ਕਿ ਦਰਅਸਲ ਮੇਰਾ ਮਕਸਦ ਪਹਿਲਾਂ ਨਵਾਂ ਜ਼ਮਾਨਾ ਅਖ਼ਬਾਰ ਲਈ ਇੰਟਰਵਿਊ ਰਾਹੀਂ ਸੀਮਿਤ ਸਵਾਲਾਂ ਜਵਾਬਾਂ ਰਾਹੀਂ ਸਮੱਗਰੀ ਇਕੱਠੀ ਕਰਨਾ ਹੀ ਸੀ ਪਰ ਫੇਰ ਸਵਾਲਾਂ ਦਾ ਸਿਲਸਿਲਾ ਅੱਗੇ ਤੋਂ ਅੱਗੇ ਵਧਦਾ ਗਿਆ ਤੇ ਜਿਸ ਦੇ ਫ਼ਲਸਰੂਪ ਅੱਜ ਇਹ ਕਿਤਾਬ ਤੁਹਾਡੇ ਹੱਥਾਂ ਵਿੱਚ ਹੈ। ਇਸ ਵਿਚ ਜਿੱਥੇ ਵਿਚਾਰਧਾਰਕ ਤੌਰ 'ਤੇ ਕਾਫ਼ੀ ਕੁਝ ਸਪੱਸ਼ਟਤਾ ਹੈ ਉੱਥੇ ਪਾਠਕ ਲਈ ਵੀ ਬਹੁਤ ਸਾਰੀ ਸਾਹਿਤਕ ਸਮਗੱਰੀ ਦਾ ਦਿਲਚਸਪ ਢੰਗ ਨਾਲ ਵਰਣਨ ਕੀਤਾ ਗਿਆ।ਇਸ ਤੋਂ ਬਾਅਦ ਸਭਾ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੇਖਾਂ, ਕਵਿਤਾਵਾਂ, ਕਹਾਣੀਆਂ ਤੇ ਹੋਰ ਵੀ ਬਹੁਤ ਸਾਰੀ ਸਾਹਿਤਕ ਸਮੱਗਰੀ ਨਾਲ ਲਬਰੇਜ਼ ਚਿਰਾਗ. ਮੈਗਜ਼ੀਨ ਦਾ 130 ਵਾਂ ਅੰਕ ਵੀ ਲੋਕ ਅਰਪਣ ਕੀਤਾ।ਉਪਰੰਤ ਸਾਹਿਤਕ ਗੋਸ਼ਟੀ ਵਿੱਚ ਹਾਜ਼ਰ ਕਵੀਆਂ ਲੇਖਕਾਂ ਮਦਨਵੀਰਾ, ਸਤੀਸ਼ ਕੁਮਾਰ, ਸੁਰਿੰਦਰ ਕੰਗਵੀ, ਡਾ. ਦਰਸ਼ਨ ਸਿੰਘ ਦਰਸ਼ਨ, ਡਾ. ਸ਼ਮਸ਼ੇਰ ਮੋਹੀ, ਡਾ. ਅਜੀਤ ਸਿੰਘ ਜੱਬਲ, ਅੰਜੂ ਵੀ ਰੱਤੀ, ਮੀਨਾਕਸ਼ੀ ਮੈਨਨ, ਰਜਿੰਦਰ ਸੱਚਦੇਵਾ, ਕਮਲ ਨੈਯਨ, ਤੀਰਥ ਚੰਦ ਸਰੋਆ, ਰਾਜ ਕੁਮਾਰ ਘਾਸੀਪੁਰੀਆ, ਰੈੱਡ ਕਰਾਸ ਦੇ ਸਕੱਤਰ ਮੰਗੇਸ਼ ਸੂਦ ਨੇ ਵੀ ਹਾਜ਼ਰੀ ਲੁਆਈ। ਡਾ. ਕਰਮਜੀਤ ਸਿੰਘ ਨੇ ਪੇਸ਼ ਰਚਨਾਵਾਂ 'ਤੇ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਪੇਸ਼ ਕੀਤੀਆਂ। ਧੰਨਵਾਦੀ ਸ਼ਬਦ ਜਸਬੀਰ ਸਿੰਘ ਧੀਮਾਨ ਨੇ ਆਖੇ। ਸਮਾਗਮ ਦੌਰਾਨ ਸਟੇਜ ਦੀ ਸਮੁੱਚੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

## ਚਾਈਨਾ ਖੂਨੀ ਡੋਰ ਨਾਲ 6 ਸਾਲਾ ਬੱਚੀ ਗੰਭੀਰ ਰੂਪ ਚ ਹੋਈ ਜਖਮੀ ਡਾਕਟਰਾਂ ਨੇ 40 ਟਾਂਕੇ ਲਗਾ ਕਿ ਬੱਚੀ ਦੀ ਬਚਾਈ ਜਾਨ ਪ੍ਰਸਾਸਨ ਸੁੱਤਾ ਕੁੰਭਕਰਨੀ ਨੀਂਦ-ਰਣਜੀਤ ਸਿੰਘ ਭੋਮਾ



**ਜੰਡਿਆਲਾ ਗੁਰੂ 28 ਜਨਵਰੀ ( ਕੁਲਵੰਤ ਸਿੰਘ ਵਿਰਦੀ )**-ਅੰਮ੍ਰਿਤਸਰ ਤੋ ਫਤਿਹਗੜ੍ਹ ਚੂੜੀਆਂ ਵਿਖੇ ਮੋਟਰਸਾਈਕਲ ਤੇ ਰਿਸਤੇਦਾਰਾਂ ਕੋਲ ਜਾ ਰਹੇ ਪ੍ਰੀਵਾਰ ਨੂੰ ਭੋਮਾ ਵਡਾਲਾ ਸੜਕ ਤੇ ਚਾਈਨਾ ਡੋਰ ਨੇ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਵਿੱਚ 6 ਸਾਲਾਂ ਬੱਚੀ ਦੇ ਚਿਹਰੇ ਤੇ ਚਾਈਨਾ ਡੋਰ ਨਾਲ ਡੂੰਘੇ ਫੱਟ ਲੱਗਣ ਕਾਰਨ ਬੱਚੀ ਬੁਰੀ ਤਰ੍ਹਾਂ ਜਖਮੀ ਹੋ ਗਈ ਜਿਸ ਵਿੱਚ ਲੜਕੀ ਦਾ ਮੂੰਹ ਵੱਢਿਆਂ ਗਿਆ ਅਤੇ ਤੁਰੰਤ ਬੱਚੀ ਨੂੰ ਹਸਪਤਾਲ ਅੰਮ੍ਰਿਤਸਰ ਵਿਖੇ ਲਿਜਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ 40 ਟਾਕੇ ਲਗਾ ਕਿ ਬੱਚੀ ਦੀ ਜਾਨ ਬਚਾਈ ਗਈ ਲੇਕਿਨ ਬੱਚੀ ਦੀ ਹਾਲਤ ਗੰਭੀਰ ਬਣੀ ਹੋਈ ਹੈ ਪਰ ਦੁੱਖ ਦੀ ਗੱਲ ਹੈ ਕਿ ਪ੍ਰਸਾਸਨ ਕੁੰਭ ਕਰਨੀ ਨੀਦ ਸੁੱਤਾ ਪਿਆ ਹੈ ਅਤੇ ਸਰੇਆਮ ਮਨੁੱਖਤਾ ਦਾ ਕਤਲ ਕੀਤਾ ਜਾ ਰਿਹਾ ਹੈ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਸਮਾਜ ਸੁਧਾਰ ਸੰਸਥਾ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਅੱਗੇ ਪ੍ਰਸਾਸਨ ਕੋਲੋਂ ਚਾਈਨਾ ਡੋਰ ਨਾਲ ਸਿਕਾਰ ਹੋਏ ਪ੍ਰੀਵਾਰ ਲਈ ਮੁਆਵਜੇ ਦੀ ਮੰਗ ਕਰਦਿਆਂ ਹੋਇਆ ਕਿਹਾ ਕਿ ਭੋਮਾ ਅੰਮ੍ਰਿਤਸਰ ਦੇ ਨਜ਼ਦੀਕ ਨੰਗਲੀ ਭੱਠਾ ਤੋ ਵਾਇਆ ਮਜੀਠਾ ਫਤਿਹਗੜ੍ਹ ਚੂੜੀਆਂ ਮੋਟਰਸਾਇਕਲ ਤੇ ਰਿਸਤੇਦਾਰਾਂ ਨੂੰ ਮਿਲਣ ਜਾ ਰਿਹਾ ਪ੍ਰਵਾਰ ਨੂੰ ਪਿੰਡ ਭੋਮਾ ਵਡਾਲਾ ਸੜਕ ਤੇ ਮੋਟਰਸਾਇਕਲ ਤੇ ਆਗੇ ਬੈਠੀ ਕਨਾਤ 6 ਸਾਲਾਂ ਲੜਕੀ ਚਾਈਨਾ ਡੋਰ ਦੀ ਲਪੇਟ ਵਿੱਚ ਆਉਣ ਕਰਕੇ ਵੱਡਾ ਹਾਦਸਾ ਵਾਪਰਿਆ ਤੇ ਮੂੰਹ ਦਾ ਜਬਾੜਾ ਵੱਢਿਆਂ ਗਿਆ ਤੇ ਮੌਕੇ ਤੇ ਲਹੂ ਲੂਹਾਨ ਹਾਲਤ ਵਿੱਚ ਲੜਕੀ ਦੇ ਪਿਤਾ ਤੇ ਰਾਹਗੀਰਾਂ ਨੇ ਭਾਰੀ ਨੱਠ ਭੱਜਕੇ ਫਤਿਹਗੜ੍ਹ ਚੂੜੀਆਂ ਤੱਕ ਹਸਪਤਾਲ ਖੜਿਆਂ ਤਾ ਡਾਕਟਰਾਂ ਨੇ ਮਰੀਜ ਲੜਕੀ ਦੀ ਹਾਲਤ ਨਾਜਕ ਵੇਖਕੇ ਅੰਮ੍ਰਿਤਸਰ ਅਰਮਾਨ ਹਸਪਤਾਲ ਭੇਜਿਆ ਜਿੱਥੇ ਡਾਕਟਰੀ ਟੀਮ, ਨੇ ਲੜਕੀ ਨੂੰ ਨਾਜਕ ਹਾਲਤਾਂ ਵਿੱਚ ਮੂੰਹ ਕੱਟਿਆ ਨੂੰ 40 ਟਾਕੇ ਲਾ ਕੇ ਜਾਨ ਬਚਾਈ ਅੱਗੇ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਪ੍ਰਸਾਸਨ ਚਾਈਨਾ ਡੋਰ ਬਾਰੇ ਹਵਾ ਵਿੱਚ ਬਹੁਤ ਦਾਅਵੇ ਕਰ ਰਿਹਾ ਹੈ ਚਾਈਨਾ ਡੋਰ ਤੇ ਪਾਬੰਦੀ ਲੱਗੀ ਹੋਈ ਹੈ ਪਰ ਪਿੰਡਾਂ ਕਸਬਿਆਂ ਵਿੱਚ ਸਰੇਆਮ ਮਨੁੱਖਤਾ ਦਾ ਚਾਈਨਾ ਡੋਰ ਨਾਲ ਹਜਾਰਾਂ ਗੁੱਡੇ ਉੱਡ ਰਹੇ ਹਨ ਤੇ ਬਜਾਰਾਂ ਦੁਕਾਨਾਂ ਵਿੱਚ ਚਾਈਨਾ ਡੋਰ ਸਰੇਆਮ ਬਣ ਰਹੀ ਹੈ ਤੇ ਵੇਚੀ ਜਾ ਰਹੀ ਹੈ ਕਿਸੇ ਵੀ ਅਧਿਕਾਰੀ ਨੇ ਚਾਈਨਾ ਡੋਰ ਵੇਚਣ ਤੇ ਪਤੰਗਾਂ ਉਡਾਉਣ ਵਾਲਿਆਂ ਵਿਰੁੱਧ ਇੱਕ ਵੀ ਪਰਚਾ ਦਰਜਾ ਨਹੀਂ ਕੀਤਾ ਗਿਆ ਸਿਰਫ਼ ਕਾਗਜਾਂ ਵਿੱਚ ਖਾਨਾਪੂਰਤੀ ਹੋ ਰਹੀ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਡਿਪਟੀ ਕਮਿਸਨਰ ਅੰਮ੍ਰਿਤਸਰ ਦਲਵਿੰਦਰਜੀਤ ਸਿੰਘ ਨੂੰ ਅਪੀਲ ਕੀਤੀ ਕਿ ਚਾਈਨਾ ਡੋਰ ਬਣਾਉਣ ਵਾਲਿਆਂ ਵਿਰੁੱਧ ਪਰਚਾ ਦਰਜਾ ਕਰਕੇ 20 ਸਾਲਾਂ ਸਜਾ ਮੁਕਰਰ ਕੀਤੀ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਦੁਕਾਨਾਂ ਵਿੱਚ ਦੁਕਾਨਦਾਰ ਕੋਈ ਕਾਤਲ ਚਾਈਨਾ ਡੋਰ ਨਾ ਵੇਚ ਸਕੇ ਤੇ ਨਾ ਹੀ ਜੀਵ ਜੰਤੂਆਂ ਤੇ ਮਨੁੱਖਤਾ ਦਾ ਕਤਲ ਹੋ ਸਕੇ ਅਤੇ ਨਾ ਹੀ ਕੋਈ ਇਸ ਖੂਨੀ ਡੋਰ ਨਾਲ ਅਪਾਹਿਜ ਹੋਵੇ !



ਚੌਕ ਮਹਿਤਾ- ਦਮਦਮੀ ਟਕਸਾਲ ਦੇ ਪਹਿਲੇ ਮੁੱਖੀ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸਥਾਨਕ ਕਸਬੇ ਦੀ ਘੁਮਾਣ ਰੋਡ ਸਥਿਤ ਵਿਜੇ ਡੇਅਰੀ ਅਤੇ ਸਵੀਟਸ ਵੱਲੋਂ ਲਗਾਏ ਗਏ ਲੰਗਰ ਦੌਰਾਨ ਸੇਵਾ ਨਿਭਾਉਂਦੇ ਹੋਏ ਅਸ਼ੋਕ ਤਨੇਜਾ, ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ, ਮਨੋਜ ਤਨੇਜਾ ਮੰਨੂ, ਲਵ ਤਨੇਜਾ ਤੇ ਲਾਲੀ ਪਟਵਾਰੀ। (ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

---

## ਆਪ ਸਰਕਾਰ ਚੜ੍ਹਦੀਕਲਾ ਫੰਡ ਰਾਹੀਂ ਇਕੱਠੇ ਕੀਤੇ ਪੈਸੇ ਦੇ ਵੇਰਵੇ ਜਨਤਕ ਕਰੇ: ਅਕਾਲੀ ਦਲ ਵਪਾਰ ਵਿੰਗ

**ਚੰਡੀਗੜ੍ਹ, 28 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਵਪਾਰ ਵਿੰਗ ਨੇ ਅੱਜ ਮੰਗ ਕੀਤੀ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਵਪਾਰ ਤੇ ਉਦਯੋਗ ਤੋਂ ਇਕੱਠੇ ਕੀਤੇ ਚੜ੍ਹਦੀਕਲਾ ਫੰਡ ਦੇ ਵੇਰਵੇ ਦੱਸੇ ਅਤੇ ਸਰਕਾਰ ਨੂੰ ਕਿਹਾ ਕਿ ਉਹ ਦੱਸੇ ਕਿ ਇਸ ਫੰਡ ਤੋਂ ਕਿਸਾਨਾਂ ਨੂੰ ਹੜ੍ਹ ਰਾਹਤ ਵਾਸਤੇ ਕੋਈ ਮੁਆਵਜ਼ਾ ਕਿਉਂ ਨਹੀਂ ਦਿੱਤਾ ਗਿਆ। ਵਪਾਰ ਵਿੰਗ ਦੀ ਕੋਰ ਕਮੇਟੀ ਜਿਸਨੇ ਪ੍ਰਧਾਨ ਐਨ ਕੇ ਸ਼ਰਮਾ ਦੀ ਅਗਵਾਈ ਹੇਠ ਮੀਟਿੰਗ ਕੀਤੀ, ਨੇ ਆਪ ਸਰਕਾਰ 'ਤੇ ਵਪਾਰੀਆਂ ਤੇ ਉਦਯੋਗਪਤੀਆਂ ਤੋਂ ਫਿਰੌਤੀਆਂ ਵਸੂਲਣ ਅਤੇ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਨ ਦਾ ਵੀ ਦੋਸ਼ ਲਾਇਆ। ਮੀਟਿੰਗ ਦੇ ਵੇਰਵੇ ਸਾਂਝੇ ਕਰਦਿਆਂ ਸ੍ਰੀ ਐਨ ਕੇ ਸ਼ਰਮਾ ਨੇ ਦੱਸਿਆ ਕਿ ਪਿਛਲੇ ਸਾਲ ਆਏ ਭਿਆਨਕ ਹੜ੍ਹਾਂ ਮਗਰੋਂ ਰਾਜ ਸਰਕਾਰ ਨੇ ਵਪਾਰ ਤੇ ਉਦਯੋਗ ਨੂੰ ਚੜ੍ਹਦੀਕਲਾ ਫੰਡ ਵਾਸਤੇ ਪੈਸੇ ਦੇਣ ਲਈ ਮਜਬੂਰ ਕੀਤਾ। ਉਹਨਾਂ ਕਿਹਾ ਕਿ ਭਾਵੇਂ ਫੰਡ ਸਥਾਪਿਤ ਕੀਤੇ ਨੂੰ ਛੇ ਮਹੀਨੇ ਤੋਂ ਜ਼ਿਆਦਾ ਸਮਾਂ ਬੀਤ ਗਿਆ ਹੈ ਪਰ ਆਪ ਸਰਕਾਰ ਨੇ ਇਕੱਠੇ ਕੀਤੇ ਕੁੱਲ ਪੈਸੇ ਦੀ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ। ਉਹਨਾਂ ਕਿਹਾ ਕਿ ਨਾ ਸਿਰਫ ਇਹ ਵੇਰਵੇ ਜਨਤਕ ਕੀਤੇ ਜਾਣੇ ਚਾਹੀਦੇ ਹਨ ਸਗੋਂ ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਨੂੰ ਇਹ ਦੱਸਣ ਕਿ ਹੜ੍ਹ ਪ੍ਰਭਾਵਤ ਕਿਸਾਨਾਂ ਵਾਸਤੇ ਕੋਈ ਪੈਸਾ ਇਸ ਫੰਡ ਤੋਂ ਕਿਉਂ ਜਾਰੀ ਨਹੀਂ ਕੀਤਾ ਗਿਆ। ਰਾਜ ਸਰਕਾਰ ਵੱਲੋਂ ਵਪਾਰ ਤੇ ਉਦਯੋਗ ਤੋਂ ਕੀਤੀ ਜਾ ਰਹੀ ਫਿਰੌਤੀ ਵਸੂਲੀ ਦਾ ਗੰਭੀਰ ਨੋਟਿਸ ਲੈਂਦਿਆਂ ਸ੍ਰੀ ਸ਼ਰਮਾ ਨੇ ਕਿਹਾ ਕਿ ਆਬਕਾਰੀ ਤੇ ਕਰ ਵਿਭਾਗ ਦੇ ਅਫਸਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਹਰ ਮਹੀਨੇ 8 ਛਾਪੇ ਮਾਰਨ ਅਤੇ ਹਰ ਛਾਪੇ ਵਿਚ ਘੱਟ ਤੋਂ ਘੱਟ 8 ਲੱਖ ਰੁਪਏ ਦੇ ਜ਼ੁਰਮਾਨੇ ਕਰਨ। ਉਹਨਾਂ ਕਿਹਾ ਕਿ ਇਹ ਵਸੂਲੀ ਉਦੋਂ ਕੀਤੀ ਜਾ ਰਹੀ ਹੈ ਜਦੋਂ ਆਪ ਸਰਕਾਰ ਦੀ ਪੁਸ਼ਤ ਪਨਾਹੀ ਹੇਠ ਗੈਂਗਸਟਰ ਵੀ ਫਿਰੌਤੀਆਂ ਵਸੂਲ ਰਹੇ ਹਨ ਤੇ ਸਰਕਾਰ ਨੇ ਖੁਦ ਅਦਾਲਤ ਵਿਚ ਮੰਨਿਆ ਹੈ ਕਿ ਉਸ ਕੋਲ ਖ਼ਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਖਿਲਾਫ ਕੋਈ ਸਬੂਤ ਨਹੀਂ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243